PUNJABI UNIVERSITY PATIALA

**ਬੀ.ਏ.ਭਾਗ ਪਹਿਲਾ (ਸਮੈਸਟਰ ਪਹਿਲਾ)**

**ਇਤਿਹਾਸਪਰਚਾ - ਏ**
**ਭਾਰਤ ਦਾ ਇਤਿਹਾਸ**
**1000 ਈ. ਤੱਕ**

**ਯੂਨਿਟ ਨੰ : 2** **ਸੈਕਸ਼ਨਬੀ**

**ਪਾਠ ਨੰਬਰ :**
**ਸੈਕਸ਼ਨ-ਬੀ :-**

2.1 : ਮੋਰੀਆ ਸਾਮਰਾਜ : ਚੰਦਰ ਗੁਪਤ ਅਤੇ ਅਸ਼ੋਕ ਅਧੀਨ, ਅਸ਼ੋਕ ਦਾ ਰਾਜ ਪ੍ਰਬੰਧ, ਧਰਮ ਅਤੇ ਪ੍ਰਾਪਤੀਆਂ

2.2 : ਗੁਪਤ ਸਾਮਰਾਜ : ਸਮੁੰਦਰ ਗੁਪਤ ਅਤੇ ਚੰਦਰ ਗੁਪਤ ਦੂਸਰਾ ਤੇ ਪਤਨ ਦੇ ਕਾਰਣ

2.3 : ਹਰਸ਼ਵਰਧਨ : ਜਿੱਤਾਂ, ਰਾਜਨੀਤਕ ਸਬੰਧਾਂ ਸਾਹਿਤ ਤੇ ਸਿੱਖਿਆ

2.4 : ਦੱਖਣ ਦੇ ਵੰਸ਼ – ਚਾਲੂਕੀਆ, ਰਾਸ਼ਟਰਕੂਟ ਤੇ ਚੋਲ ਵੰਸ਼

2.5 : ਰਾਜਪੂਤ ਕਾਲ ਤੇ ਰਾਜ ਪ੍ਰਬੰਧ

**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.pbidde.org ਤੋਂ ਡਾਊਨਲੋਡ ਕਰਨ।**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਸਭ ਹੱਕ ਰਾਖਵੇਂ ਹਨ)

ਪਾਠ ਨੰ-2.1 ਲੇਖਕ : ਨਾਜ਼ਰ ਸਿੰਘ ਸੈਕਸ਼ਨ : ਬੀ

# ਮੌਰੀਆ ਸਾਮਰਾਜ : ਚੰਦਰ ਗੁਪਤ ਅਤੇ ਅਸ਼ੋਕ ਅਧੀਨ, ਅਸ਼ੋਕ ਦਾ ਰਾਜ ਪ੍ਰਬੰਧ ਤੇ ਧਰਮ

ਇਸ ਅਧਿਆਇ ਨੂੰ ਪੜ੍ਹਨ ਉਪਰੰਤ ਸਾਨੂੰ ਉਹਨਾਂ ਸੋਮਿਆਂ ਬਾਰੇ ਜਾਣਕਾਰੀ ਮਿਲਦੀ ਹੈ ਜਿਨ੍ਹਾਂ ਦੇ ਆਧਾਰ ਤੇ ਅਤੇ ਮਦਦ ਨਾਲ ਇਤਿਹਾਸਕਾਰਾਂ ਦੁਆਰਾ ਮੌਰੀਆ ਰਾਜ ਦੇ ਇਤਿਹਾਸ ਨੂੰ ਰਚਿਆ। ਇਸ ਤੋਂ ਇਲਾਵਾ-

- ਚੰਦਰਗੁਪਤ ਮੌਰੀਆ ਅਧੀਨ ਸਾਮਰਾਜ ਦੀ ਸਥਾਪਨਾ ਕਿਵੇਂ ਅਤੇ ਕਦੋਂ ਹੋਈ ?
- ਅਸ਼ੋਕ ਅਧੀਨ ਸਾਮਰਾਜ ਦਾ ਵਿਸਥਾਰ ਅਤੇ ਸਿੱਟੇ
- ਮੌਰੀਆ ਕਾਲ ਦੌਰਾਨ ਰਾਜ ਪ੍ਰਬੰਧ, ਸਮਾਜਿਕ, ਆਰਥਿਕ, ਜੀਵਨ ਅਤੇ ਕਲਾ ਦਾ ਵਿਕਾਸ ਤੇ ਪ੍ਰਾਪਤੀਆਂ
- ਉਹ ਕਾਰਨ ਅਤੇ ਵਿਆਖਿਆ ਜਿਨ੍ਹਾਂ ਦੁਆਰਾ ਮੋਰੀਆਸਾਮਰਾਜ ਦਾ ਪਤਨ ਹੋਇਆ ਸੀ ?

## ਪਹਿਲਾ ਸਾਮਰਾਜ :

ਮਗਧ ਵਿਚ ਨੰਦਾ ਵੰਸ਼ ਤੋਂ ਰਾਜ ਗੱਦੀ ਖੁਸਣ ਕਾਰਨ ਮੌਰੀਆ ਨੇ ਪ੍ਰਸਿੱਧੀ ਹਾਸਲ ਕੀਤੀ। ਮੌਰੀਆ ਸਮਰਾਟਾਂ ਬਾਰੇ ਸਾਡੀ ਜਾਣਕਾਰੀ ਲਈ ਅਨੇਕਾਂ ਵੱਖ-ਵੱਖ ਸ੍ਰੋਤਾਂ ਤੋਂ ਪ੍ਰਾਪਤ ਹੁੰਦੀ ਹੈ। ਜਿਥੇ ਬੋਧੀ ਅਤੇ ਜੈਨ ਪਰੰਪਰਾਵਾਂ ਸਹਾਈ ਹੁੰਦੀਆਂ ਹਨ ਪਰ ਇਨ੍ਹਾਂ ਵਿਚੋਂ ਮਿਲੀਆਂ ਸੂਚਨਾਵਾਂ ਆਰਕਿਓਲਜੀ ਦੀ ਖੁਦਾਈਆਂ ਰਾਹੀਂ ਹੋਰ ਅਮੀਰ ਹੋ ਜਾਂਦੀਆਂ ਹਨ। ਇਤਿਹਾਸਕ ਪੁਨਰ-ਉਸਾਰੀ (Reconstruction)

ਰਾਹੀਂ ਲਗਾਤਾਰ ਨਵੀਂ ਤੋਂ ਨਵੀਂ ਜਾਣਕਾਰੀ ਹਾਸਲ ਹੁੰਦੀ ਰਹੀ ਹੈ। ਉਦਾਹਰਣ ਵਜੋਂ ਕੁਟੱਲਿਆ ਦਾ ਅਰਥ ਸ਼ਾਸਤਰ ਇਸੇ ਦੀਆਂ ਉਨਤੀਆਂ ਦਾ ਜ਼ਿਕਰ ਕਰਦਾ ਹੈ। ਕੰਪਿਊਟਰ ਦੁਆਰਾ ਕੀਤੇ ਗਏ ਅਧਿਐਨ ਤੋਂ ਪਤਾ ਲਗਦਾ ਹੈ ਕਿ ਅਰਥ ਸ਼ਾਸਤਰ ਦੀ ਬਣਤਰ ਭਿੰਨਤਾ ਦਾ ਸ਼ਿਕਾਰ ਹੋਈ ਸੀ ਅਤੇ ਇਸ ਦੀ ਪੂਰਤੀ ਲਈ ਕਈ ਸਦੀਆਂ ਲੱਗੀਆਂ ਸਨ। ਫਿਰ ਵੀ ਇਸ ਗ੍ਰੰਥ ਦੇ ਪਾਠ ਨੰਬਰ 2,3 ਅਤੇ 4 ਨੇ ਮੌਰੀਆ ਬਾਰੇ ਉਚਿਤ ਜਾਣਕਾਰੀ ਦਿੱਤੀ ਹੈ। ਮੈਗਸਥੀਨ ਵੱਲੋਂ ਲਿਖੇ ਗਏ ਯੂਨਾਨੀ ਭਾਸ਼ਾ ਵਿਚਲੇ ਗ੍ਰੰਥ *ਇੰਡੀਕਾ* ਵਿਚ ਜਾਣਕਾਰੀ ਦੇ ਟੁਕੜੇ ਤਾਂ ਹਨ ਪਰੰਤੂ ਇਹ ਪੁਸਤਕ ਵੀ ਅਰਥ ਸ਼ਾਸਤਰ ਵਾਂਗ ਪੱਕੀ ਸੂਚਨਾ ਹੀ ਪੇਸ਼ ਕਰਦੀ ਹੈ। ਮੌਰੀਆ ਸਾਮਰਾਜ ਬਾਰੇ ਸਭ ਤੋਂ ਵੱਧ ਠੀਕ ਜਾਣਕਾਰੀ ਸਾਨੂੰ ਭਾਰਤ ਅਤੇ ਅਫਗਾਨਿਸਤਾਨ ਦੇ ਰਸਤਿਆਂ ਤੋਂ ਪ੍ਰਾਪਤ ਹੋਈਆਂ ਅਸ਼ੋਕ ਦੀਆਂ ਸਤੰਬ ਅਤੇ ਸ਼ਿਲਾਲੇਖਾਂ (Inscriptions) ਤੋਂ ਮਿਲਦਾ ਹੈ। ਇਹ 45 ਥਾਵਾਂ ਤੋਂ ਪ੍ਰਾਪਤ ਹੋਈਆਂ ਹਨ ਅਤੇ ਇਨ੍ਹਾਂ ਦੀਆਂ 181 ਭਿੰਨ-ਭਿੰਨ ਕਿਸਮਾਂ ਹਨ - ਹਾਂ, ਇਨ੍ਹਾਂ ਦੀ ਭਾਸ਼ਾ ਪਰਾਕਿਰਤ ਹੈ। ਫਿਰ ਵੀ ਬਰਹਮੀ ਲਿਪੀ ਦਾ ਇਸਤੇਮਾਲ ਵੀ ਹੋਇਆ ਹੈ। ਉਤਰ-ਪੱਛਮ ਵਾਲੇ ਖਿੱਤੇ ਵਿਚ ਤਾਂ ਲਿਪੀ ਅਰੈਮਿਕ ਅਤੇ ਖਾਰੋਸ਼ਟੀ ਵਰਤੀਆਂ ਗਈਆਂ ਹਨ। ਯੂਨਾਨੀ ਭਾਸ਼ਾ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ। ਮੌਰੀਅਨ ਇਤਿਹਾਸ ਬਾਰੇ ਪੁਰਾਣਾਂ ਵਿਚ ਬਹੁਤੀ ਜਾਣਕਾਰੀ ਹੈ।

ਮੌਰੀਅਨ ਵੰਸ਼ ਦਾ ਬਾਨੀ ਚੰਦਰ ਗੁਪਤ ਸੀ ਅਤੇ ਉਹ ਲਗਭਗ 321 ਬੀ.ਸੀ. ਨੂੰ ਨੰਦਾ ਵਾਲੀ ਰਾਜ ਗੱਦੀ ਉੱਪਰ ਬੈਠ ਚੁੱਕਾ ਸੀ। ਉਸ ਦੀ ਉਮਰ 25 ਕੁ ਸਾਲਾਂ ਦੀ ਸੀ। ਕਿਹਾ ਜਾਂਦਾ ਹੈ ਕਿ ਇਸ ਸਮੇਂ ਉਸ ਦਾ ਸਲਾਹਕਾਰ ਕੁਟੱਲਿਆ ਚਾਣਕਿਆ ਜਾਂ ਵਿਸਨੂ ਗੁਪਤ ਸੀ। ਚੰਦਰ ਗੁਪਤ ਦੀ ਜਾਤੀ ਨੀਵੀਂ ਸੀ ਅਤੇ ਇਹ ਇਕ ਮੋਰੀਆ ਕਬੀਲਾ ਸੀ। ਪਰ ਆਧੁਨਿਕ ਭਾਰਤੀ ਅਤੇ ਯੂਨਾਨੀ ਲੇਖਕ ਮੰਨਦੇ ਹਨ ਕਿ ਚੰਦਰਗੁਪਤ ਨੇ ਪਾਟਲੀਪੁਤਰ ਜਾਂ ਪਟਨਾ ਨੂੰ ਜਿੱਤ ਕੇ ਨੰਦਾ ਹੁਕਮਰਾਨ ਦਾ ਸਥਾਨ ਪ੍ਰਾਪਤ ਕਰ ਲਿਆ ਸੀ। ਇਸ ਤੋਂ ਪਿੱਛੋਂ ਉਹ ਉਤਰ-ਪੱਛਮ ਭਾਰਤ ਵੱਲ ਅੱਗੇ ਵਧਿਆ ਸੀ - ਇਸ ਖਿੱਤੇ ਵਿਚ ਸਿਕੰਦਰ ਮਹਾਨ ਦੀ ਬਚੀ ਫੌਜੀ ਟੁਕੜੀ ਉਸ ਦੇ ਹੱਥੋਂ ਹਾਰ ਗਈ।

ਛੇਤੀ ਹੀ ਸਿਲੂਕੋਸ ਨਿਕਟੋਰ ਨੇ ਮੈਕਦੂਨੀਆ ਸਾਮਰਾਜ ਦੀਆਂ ਏਸ਼ੀਆ ਦੇ ਪ੍ਰਾਂਤਾਂ ਨੂੰ ਆਪਣੇ ਅਧੀਨ ਕਰ ਲਿਆ ਸੀ ਅਤੇ ਉਸ ਨੂੰ ਉਮੀਦ ਸੀ ਕਿ ਉਹ 305 ਬੀ.ਸੀ. ਤੱਕ ਚੰਦਰਗੁਪਤ ਨਾਲ ਜੰਗ ਦੇ ਮੈਦਾਨ ਵਿਚ ਟਕਰਾਵੇਗਾ। ਟਾਕਰੇ ਦੀ ਥਾਂ ਕੂਟਨੀਤੀ ਕਰਕੇ ਉਨ੍ਹਾਂ ਦੋਹਾਂ ਵਿਚਕਾਰ ਸੰਧੀ ਹੋ ਗਈ ਤੇ ਇਕ

ਸ਼ਾਦੀ ਲਈ ਸਹਿਮਤ ਵੀ ਹੋ ਗਏ। ਕਿਸ ਨੇ ਕਿਸ ਦੀ ਬੇਟੀ ਨਾਲ ਵਿਆਹ ਕੀਤਾ ਇਹ ਤਾਂ ਸਾਫ ਨਹੀਂ ਹੈ ਪਰੰਤੂ ਚੰਦਰ ਗੁਪਤ ਨੇ 500 ਹਾਥੀਆਂ ਦਾ ਤੋਹਫਾ ਯੂਨਾਨੀ ਜਰਨੈਲ ਨੂੰ ਦਿੱਤਾ ਅਤੇ ਆਪ ਸਿੰਧੋਂ ਪਾਰ ਦੀ ਭੂਮੀ ਹਾਸਲ ਕਰ ਲਈ। ਸਿਲੂਕੋਸ ਦਾ ਰਾਜਦੂਤ, ਜਿਸ ਦਾ ਨਾਮ ਮੈਗਸਥੀਨਜ ਸੀ, ਅਨੇਕਾਂ ਸਾਲ ਮੌਰੀਆ ਸਾਮਰਾਜ ਦੀ ਰਾਜਧਾਨੀ ਪਾਟਲੀਪੁੱਤਰ ਰਿਹਾ ਅਤੇ ਫਿਰ ਭਾਰਤ ਦੇ ਅਨੇਕਾਂ ਖੇਤਰਾਂ ਦੀ ਯਾਤਰਾ ਕਰਦਾ ਰਿਹਾ। ਜੈਨ ਸ੍ਰੋਤ ਦੱਸਦੇ ਹਨ ਕਿ ਆਪਣੀ ਮੌਤ ਤੋਂ ਪਹਿਲਾਂ ਹੀ ਚੰਦਰਗੁਪਤ ਨੇ ਜੈਨ ਮਤ ਧਾਰਨ ਕਰ ਲਿਆ ਸੀ। ਇਕ ਜੈਨ ਸੰਤ ਭੱਦਰਬਾਹੂ ਅਤੇ ਅਨੇਕ ਜੈਨ ਸੰਤਾਂ ਨੂੰ ਮੰਨਦਾ ਹੋਇਆ ਮੈਸੂਰ ਨਜਦੀਕ ਸਰਵਨ ਬੇਲਗੋਲਾ ਸਥਾਨ ਉੱਪਰ ਵਰਤ ਰੱਖ ਕੇ ਉਸ ਨੇ ਪ੍ਰਾਣ ਤਿਆਗ ਦਿੱਤੇ।

297 ਬੀ.ਸੀ. ਨੂੰ ਚੰਦਰਗੁਪਤ ਦਾ ਉਤਰਾਧਿਕਾਰੀ ਉਸ ਦਾ ਬੇਟਾ ਬਿੰਦੂਸਾਰ ਬਣਿਆ। ਯੂਨਾਨੀ ਲੇਖਕ ਬਿੰਦੂਸਾਰ ਨੂੰ ਅਮਿਤਰੋਚੈਟਸ ਆਖਦੇ ਸਨ - ਇਸ ਦਾ ਅਰਥ ਸੀ ਦੁਸ਼ਮਣਾਂ ਨੂੰ ਬਰਬਾਦ ਕਰਨ ਵਾਲਾ ਵਿਅਕਤੀ। ਕਿਹਾ ਜਾਂਦਾ ਹੈ ਕਿ ਉਸ ਦੇ ਸੀਰੀਆ ਨਾਲ ਐਨਟੀਕੋਸ ਪਹਿਲਾ ਰਾਹੀਂ ਸੰਬੰਧ ਸਥਾਪਤ ਹੋ ਚੁੱਕੇ ਸਨ। ਆਪਣੇ ਸ਼ੌਕ ਅਤੇ ਸਵਾਦਾਂ ਦੀ ਪੂਰਤੀ ਲਈ ਉਸ ਨੇ ਸੀਰੀਆ ਤੋਂ ਸ਼ਰਾਬ, ਖੁਸ਼ਕ ਛੁਆਰੇ, ਕੁਝ ਮਠਿਆਈਆਂ ਅਤੇ ਇਕ ਵਿਦਵਾਨ ਦੀ ਮੰਗ ਕੀਤੀ ਸੀ। ਤਿੱਬਤ ਦੀ ਬੋਧੀ ਵਿਦਵਾਨ ਤਾਰਾਨਾਥ ਅਨੁਸਾਰ ਇਹ ਸੀਰੀਅਨ ਵਿਦਵਾਨ ਨੇ 16ਵੀਂ ਸਦੀ ਵਿਚ ਭਾਰਤ ਦੀ ਯਾਤਰਾ ਕੀਤੀ ਸੀ। ਬਿੰਦੂਸਾਰ ਨੇ ਆਪ ਦੋ ਸਮੁੰਦਰਾਂ ਵਿਚਕਾਰਲੀ ਧਰਤੀ ਜਿੱਤ ਕੇ ਮਗਧ ਸਾਮਰਾਜ ਨੂੰ ਵਿਸ਼ਾਲ ਬਣਾ ਦਿੱਤਾ ਸੀ। ਤਾਮਿਲ ਸਾਹਿਤ ਵੀ ਮੌਰੀਅਨ ਸਮਰਾਟਾਂ ਦੇ ਦੱਖਣ ਵੱਲ ਹਮਲਿਆਂ ਦਾ ਜ਼ਿਕਰ ਕਰਦਾ ਹੈ - ਇਨ੍ਹਾਂ ਕਰਕੇ ਬਿੰਦੂਸਾਰ ਕਾਮਯਾਬ ਰਿਹਾ ਸੀ। ਬਿਨਾਂ ਸ਼ੱਕ ਮੌਰੀਅਨ ਸਾਮਰਾਜ ਮੈਸੂਰ ਖੇਤਰ, ਜਿਸ ਨੂੰ ਹੁਣ ਅਸੀਂ ਆਧੁਨਿਕ ਉੜੀਸਾ ਆਖਦੇ ਹਾਂ, ਤੱਕ ਫੈਲ ਚੁੱਕਾ ਸੀ। ਫਿਰ ਵੀ ਕਲਿੰਗਾ ਦੀ ਜਿੱਤ ਰਾਹੀਂ ਹੀ ਅਸ਼ੋਕ ਨੇ ਉੜੀਸਾ ਦੀ ਜਿੱਤ ਪੂਰੀ ਕੀਤੀ ਸੀ।

ਅੱਜ ਤੋਂ 100 ਸਾਲ ਪਹਿਲਾਂ ਅਸ਼ੋਕ ਤੋਂ ਭਾਵ ਹੁੰਦਾ ਸੀ ਉਹ ਪਰਛਾਈ ਮੌਰੀਅਨ ਰਾਜਾ, ਜਿਸ ਦਾ ਹਵਾਲਾ ਪੁਰਾਣਾਂ ਵਿਚ ਕੀਤਾ ਗਿਆ ਹੈ। 1837 ਈ. ਨੂੰ ਜੇਮਜ ਪ੍ਰਿਨਸਪ ਨੇ ਇਕ ਅਭਿਲੇਖ, ਜੋ ਕਿ ਬ੍ਰਹਮੀ ਲਿਪੀ ਵਿਚ ਅਤੇ ਕਿਸੇ ਬਾਦਸ਼ਾਹ ਨੂੰ ਬਿਆਨ ਕਰਦੀ ਸੀ। ਇਸ ਲਿਖਤ ਅਨੁਸਾਰ ਬਾਦਸ਼ਾਹ ਦੇਵਤਿਆਂ ਦਾ ਪ੍ਰੇਮੀ ਜਾਂ ਪਿਆਰਾ ਪੁਜਾਰੀ ਸੀ। ਇਸ ਤੋਂ ਇਲਾਵਾ ਹੋਰ ਅਭਿਲੇਖ ਪ੍ਰਾਪਤ ਕੀਤੇ ਗਏ ਪਰ 1915 ਈ. ਤੱਕ ਉਹ ਅਭਿਲੇਖ ਨਹੀਂ ਸੀ ਲੱਭਿਆ ਜੋ ਅਸ਼ੋਕ ਨੂੰ ਹੀ ਦੇਵ-ਪੁਜਾਰੀ ਆਖ ਸਕਦਾ।

ਕੇਵਲ ਸ੍ਰੀ ਲੰਕਾ ਵਿਚੋਂ ਮਿਲੇ ਲਿਖਤੀ ਰਿਕਾਰਡ ਨੇ ਹੀ ਮੌਰੀਅਨ ਬਾਦਸ਼ਾਹ ਅਸ਼ੋਕ ਦੀ ਇਕ ਅਭਿਲੇਖ ਵਾਲਾ ਦੇਵਤਿਆਂ ਦਾ ਪ੍ਰੇਮੀ ਬਿੰਬ ਦੀ ਪ੍ਰੋੜਤਾ ਕੀਤੀ।

ਬੋਧੀ ਸਾਹਿਤ ਅਨੁਸਾਰ ਅਸ਼ੋਕ ਨੇ ਆਪਣੇ ਵਿਰੋਧੀ ਦੁਸ਼ਮਣ ਖਤਮ ਕਰਕੇ ਹੀ ਗੱਦੀ ਪ੍ਰਾਪਤ ਕੀਤੀ ਸੀ। ਉਸ ਨੇ ਤਾਂ ਸਗੋਂ ਆਪਣੀ ਕਲਿੰਗਾ ਦੀ ਲੜਾਈ ਜਿੱਤ ਕੇ 260 ਬੀ.ਸੀ. ਨੂੰ ਬੁੱਧ ਮਤ ਧਾਰਨ ਕਰ ਲਿਆ ਸੀ। ਅਸ਼ੋਕ ਨੇ ਆਪ ਕਿਹਾ ਸੀ ਕਿ ਇਸ ਯੁੱਧ ਦਾ ਡਰ ਬੇਹੱਦ ਪੈਦਾ ਹੋ ਗਿਆ ਸੀ ਕਿਉਂਕਿ 1.5 ਲੱਖ ਲੋਕ ਉਜੜ ਗਏ ਸਨ ਅਤੇ ਇਕ ਲੱਖ ਤੋਂ ਵੱਧ ਇਨਸਾਨ ਕਤਲ ਹੋ ਚੁੱਕੇ ਸਨ। ਇੰਝ ਦੁੱਖੀ ਹੋਏ ਅਸ਼ੋਕ ਨੇ ਬੁੱਧ ਧਰਮ ਅਪਣਾ ਲਿਆ ਸੀ ਅਤੇ ਉਸ ਨੇ ਫੈਸਲਾ ਕੀਤਾ ਕਿ ਉਹ ਸੰਸਾਰ ਨੂੰ ਜੰਗ ਰਾਹੀਂ ਨਹੀਂ ਸਗੋਂ ਧਰਮਘੋਸ਼ (dharmaghosha) ਰਾਹੀਂ ਜਿੱਤੇਗਾ।

ਪਹਿਲੇ ਤਿੰਨੇ ਮੌਰੀਅਨ ਸਮਰਾਟਾਂ ਨੇ ਦੇਸ਼ ਦੇ ਬਹੁਤ ਵੱਡੇ ਹਿੱਸੇ ਦੀ ਏਕਤਾ ਬਣਾ ਕੇ ਆਪਣੀ ਬਾਦਸ਼ਾਹੀ ਜਾਂ ਰਾਜਨੀਤਕ ਉਭਾਰ ਕਾਇਮ ਕੀਤਾ ਸੀ। ਉੱਤਰੀ ਭਾਰਤ ਤਾਂ ਚੰਦਰਗੁਪਤ ਨੇ ਹੀ ਜਿੱਤ ਰਾਹੀਂ ਮਗਧ ਅਧੀਨ ਕਰ ਲਿਆ ਸੀ। ਸਿੱਕੇ ਅਤੇ ਸ੍ਰੀ ਲੰਕਾ ਤੋਂ ਮਿਲੇ ਸ੍ਰੋਤਾਂ ਅਨੁਸਾਰ ਬੰਗਾਲ ਵੀ ਮੌਰੀਅਨ ਬਣ ਚੁੱਕਾ ਸੀ। ਬਿੰਦੂਸਾਰ ਨੇ ਦੱਖਣੀ ਭਾਰਤ ਦਾ ਕਾਫੀ ਹਿੱਸਾ ਆਪਣੇ ਪ੍ਰਭਾਵ ਵਿਚ ਲੈ ਲਿਆ ਸੀ। ਅਸ਼ੋਕ ਨੇ ਕਲਿੰਗਾ ਜਿੱਤੀ ਸੀ ਅਤੇ ਉਸ ਤੋਂ ਪ੍ਰਾਪਤ ਜਾਣਕਾਰੀ ਅਨੇਕਾਂ ਦੱਖਣ-ਭਾਰਤੀ ਲੋਕਾਂ ਜਿਵੇਂ ਕਿ ਚੋਲਾਜ, ਪਾਂਡੀਆਨ, ਸਤਿਆਪੁਤਰਾਜ ਅਤੇ ਕੇਰਲਪੁਤਰਾਜ ਵੱਲ ਸੰਕੇਤ ਕਰਦੀ ਹੈ। ਫਿਰ ਵੀ ਮੌਰੀਅਨ ਪ੍ਰਭਾਵ ਦੱਖਣ ਵੱਲ ਮੈਸੂਰ ਤੱਕ ਅਤੇ ਪੱਛਮ ਵੱਲ ਕੰਧਾਰ ਤੱਕ ਫੈਲਿਆ ਸੀ। ਪਰੰਪਰਾ ਮੰਨਦੀ ਹੈ ਕਿ ਕਸ਼ਮੀਰ ਵਿਚ ਸ੍ਰੀਨਗਰ ਤੱਕ ਖਿੱਤਾ ਮੌਰੀਅਨ ਰਾਜ ਦਾ ਹੀ ਹਿੱਸਾ ਸੀ।

ਮੌਰੀਅਨ ਸਟੇਟ ਜਾਂ ਰਾਜ ਨੂੰ ਚਲਾਉਣ ਵਾਲਿਆਂ ਦੇ ਵਿਦੇਸ਼ੀਆਂ ਨਾਲ ਹੀ ਦੋਸਤਾਨਾ ਸੰਬੰਧ ਸਨ। ਬਿੰਦੂਸਾਰ ਦੀ ਐਂਟੀਓਕਸ਼ ਨਾਲ ਦੋਸਤੀ ਦਾ ਜ਼ਿਕਰ ਅਸੀਂ ਪਹਿਲਾਂ ਹੀ ਕਰ ਚੁੱਕੇ ਹਾਂ। ਅਸ਼ੋਕ ਨੇ ਆਪਣੀ ਬੇਟੀ ਦੀ ਸ਼ਾਦੀ ਇਕ ਨੇਪਾਲੀ ਜਮੀਂਦਾਰ ਨਾਲ ਕਰ ਦਿੱਤੀ ਸੀ। ਤਿੱਬਤੀ ਸ੍ਰੋਤ ਅਨੁਸਾਰ ਅਸ਼ੋਕ ਕੇਂਦਰੀ ਏਸ਼ੀਆ ਵਿਚ ਖੋਤਾਨ (Kohtan) ਤੱਕ ਪਹੁੰਚ ਸਕਦਾ ਸੀ। ਫਿਰ ਵੀ ਭਾਰਤ-ਚੀਨ ਸੰਬੰਧਾਂ ਬਾਰੇ ਸਾਡੇ ਪਾਸ ਹੋਰ ਜਾਣਕਾਰੀ ਨਹੀਂ ਹੈ। ਫਿਰ ਵੀ ਅਸ਼ੋਕਾ ਦੀਆਂ Edicts ਦੱਸਦੀਆਂ ਹਨ ਕਿ ਉਸ ਦੇ ਸੀਰੀਆ ਅਤੇ ਮਿਸਰ ਨਾਲ ਚੰਗੇ ਸੰਬੰਧ ਸਨ। ਸ੍ਰੀ ਲੰਕਾ ਨਾਲ ਦੋਸਤਾਨਾ ਸੰਬੰਧਾਂ ਕਾਰਨ ਹੀ ਅਸ਼ੋਕ ਨੇ ਆਪਣੇ ਪੁੱਤਰ ਨੂੰ ਉਥੇ ਬੁੱਧ ਮਤ ਦੇ ਪ੍ਰਚਾਰ ਵਾਸਤੇ ਭੇਜਿਆ ਸੀ। ਪੁੱਤਰ ਦਾ ਨਾਮ ਮਹਿੰਦਰ ਸੀ।

ਮੌਰੀਅਨ ਸ਼ਕਤੀ ਦਾ ਅਸਲ ਸ੍ਰੋਤ ਉਨ੍ਹਾਂ ਦੀ ਵਿਸ਼ਾਲ ਫੌਜ ਸੀ। ਯੂਨਾਨੀ ਲੇਖਕਾਂ ਪੁਲਟਾਰਕ ਅਤੇ ਜਸਟਿਨ (Justin) ਅਨੁਸਾਰ ਆਪਣੀ ਛੇ ਲੱਖ ਫੌਜ ਰਾਹੀਂ ਹੀ ਮੌਰੀਆ ਨੇ ਨੰਦਾ ਰਾਜਨੀਤਕ ਸ਼ਕਤੀ ਖਤਮ ਕਰ ਦਿੱਤੀ ਸੀ।

ਕੁਟੱਲਿਆ ਦੀ ਰਾਜਨੀਤਕ ਵਿਚਾਰਧਾਰਾ ਮੁਤਾਬਿਕ ਤਾਂ ਸ਼ਾਹੀ ਹੁਕਮ ਨੂੰ ਧਰਮ ਨਾਲੋਂ ਵੀ ਵੱਧ ਪਦਵੀ ਜਾਂ ਰੁਤਬਾ ਦਿੱਤਾ ਗਿਆ ਹੈ। ਦੂਸਰਾ ਬਾਦਸ਼ਾਹ ਕੋਲ ਸ਼ਕਤੀ ਹੁੰਦੀ ਹੈ ਕਿ ਉਹ ਧਾਰਮਿਕ ਜਾਂ ਸਮਾਜਿਕ ਜੀਵਨ 'ਚ ਦਖਲ-ਅੰਦਾਜ਼ੀ ਕਰ ਸਕੇ। ਕੁਟੱਲਿਆ ਲਿਖਦਾ ਹੈ ਕਿ ਮੌਰੀਅਨ ਰਾਜ-ਪ੍ਰਸ਼ਾਸਨ ਜਾਂ Bureaucracy ਅੰਦਰ 18 ਉੱਚੇ ਅਹੁਦੇ ਸਨ ਅਤੇ ਇਨ੍ਹਾਂ ਅਫਸਰਾਂ ਨੂੰ ਤੀਰਥ ਜਾਂ ਮਹਾਂਮਾਤਰਾਜ ਆਖਿਆ ਜਾਂਦਾ ਸੀ। ਕੁੱਲ ਮਿਲਾ ਕੇ ਮੌਰੀਅਨ ਰਾਜ ਪ੍ਰਬੰਧ ਤਾਂ ਚਲਦਾ ਹੀ ਫੌਜੀ ਅਫਸਰਾਂ ਦੀ ਜਮਾਤ ਰਾਹੀਂ ਸੀ।

ਫੌਜ ਤੇ ਅਫਸਰਸ਼ਾਹੀ ਦੇ ਲਗਾਤਾਰ ਵਾਧੇ ਕਰਕੇ ਮੌਰੀਅਨ ਰਾਜ ਪ੍ਰਬੰਧ ਬਹੁਤ ਖਰਚੀਲਾ ਹੋ ਚੁੱਕਾ ਸੀ। ਅਸਲ ਵਿਚ ਯੁੱਧ ਵੀ ਭੂਮੀ ਵਾਧੇ ਦਾ ਸਾਧਨ ਬਣ ਗਿਆ ਸੀ। ਬੰਜਰ ਇਲਾਕੇ ਜਿੱਤ ਕੇ ਮੌਰੀਅਨ ਸਮਰਾਟ ਬੇਘਰ ਹੋਏ ਕਿਸਾਨਾਂ ਤੇ ਗਰੀਬਾਂ ਨੂੰ ਆਪਣੀ ਫੌਜ 'ਚ ਸ਼ਾਮਲ ਕਰ ਲੈਂਦੇ ਸਨ। ਇੰਝ ਹੋਰ ਨਵੇਂ ਖੇਤਰ ਵੀ ਜਿੱਤੇ ਜਾਂਦੇ ਸਨ। ਪਰ ਜਿੱਤੇ ਹੋਏ ਇਲਾਕੇ ਦੀ ਜ਼ਮੀਨ ਬਾਦਸ਼ਾਹ ਦੀ ਭੂਮੀ ਜਾਂ Crown Land ਹੁੰਦੀ ਸੀ ਅਤੇ ਇਸ ਨੂੰ Crown Village ਜਾਂ Sita ਆਖਿਆ ਜਾਂਦਾ ਸੀ। ਇਹ ਪਿੰਡ ਤੇ ਭੂਮੀ ਫੌਜੀ ਅਫਸਰਾਂ ਅਤੇ ਪੁਜਾਰੀਆਂ ਨੂੰ ਦੇ ਦਿੱਤੀ ਜਾਂਦੀ ਸੀ। ਭੂਮੀ ਲਗਾਨ ਕਿਸਾਨਾਂ ਵੱਲੋਂ ਦਿੱਤਾ ਜਾਂਦਾ ਸੀ। ਹਾਂ, ਅਜਿਹੇ ਖੇਤਰਾਂ ਵਿਚ ਮੰਗਤੇ ਜਾਂ ਭਿਖਾਰੀ ਨਹੀਂ ਆ ਸਕਦੇ ਸਨ। ਮਜਬੂਰ ਹੋ ਕੇ ਕਿਸਾਨ ਖੇਤੀ ਕਰਦੇ ਸਨ ਅਤੇ ਵੱਡੀ ਮਾਤਰਾ ਵਿਚ ਇਕੱਠੇ ਹੋ ਕੇ ਮੌਰੀਅਨ ਸ਼ਕਤੀ ਦਾ ਆਧਾਰ ਬਣ ਜਾਂਦੇ ਸਨ।

## ਅਸ਼ੋਕ ਦਾ ਧਰਮ

ਆਪਣੇ ਇਕ ਸ਼ਿਲਾਲੇਖ ਵਿਚ ਅਸ਼ੋਕ ਨੇ ਸਾਫ ਤੌਰ ਉੱਪਰ ਬੁੱਧ ਧਰਮ ਦੀ ਕੌਂਸਿਲ 'ਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ। ਉਸ ਨੇ ਬੁੱਧ ਨੂੰ ਭਗਵਾਨ ਕਿਹਾ ਸੀ। ਛੇਤੀ ਹੀ ਉਸ ਨੇ ਬੁੱਧ ਦੇ ਜਨਮ ਤੇ ਹੋਰ ਗਿਆਨ ਪ੍ਰਾਪਤੀ ਥਾਵਾਂ ਦੀ ਤੀਰਥ ਯਾਤਰਾ ਕੀਤੀ ਅਤੇ ਪਹਿਲੇ ਅਸਥਾਨ ਉੱਤੇ ਪੂਜਾ ਵੀ ਕੀਤੀ ਸੀ। ਉਸ ਨੇ ਐਲਾਨ ਕਰ ਦਿੱਤਾ ਸੀ ਕਿ ਭਗਵਾਨ ਬੁੱਧ ਵੱਲੋਂ ਆਖੀ ਗਈ ਹਰੇਕ ਗੱਲ ਬਿਲਕੁਲ ਠੀਕ ਹੈ। ਬੁੱਧ ਧਰਮ ਦੇ ਸਿਧਾਂਤਾਂ ਦੀ ਵਿਆਖਿਆ ਹੋਰ ਸਮਾਂ ਮੰਗਦੀ ਹੈ। ਆਪਣੇ ਧਰਮ ਪਰਿਵਰਤਨ ਤੋਂ

ਸਾਲ ਜਾਂ ਸਵਾ ਸਾਲ ਪਿੱਛੋਂ ਅਸ਼ੋਕ ਬੁੱਧ ਸੰਗ ਜਾਂ ਕੌਂਸਿਲ ਦੇ ਦਰਸ਼ਨ ਕਰਕੇ ਡੂੰਘੇ ਸੰਬੰਧ ਬਣਾਏ ਸਨ। ਆਪਣੇ ਅਫ਼ਸਰਾਂ, ਜਿਨ੍ਹਾਂ ਨੂੰ ਮਹਾਂਮਾਡਰਾ ਆਖਿਆ ਗਿਆ, ਧਰਮ ਪ੍ਰਚਾਰ ਲਈ ਨਿਯੁਕਤ ਕੀਤੇ। ਸੰਘ ਜਾਂ ਕੌਂਸਿਲ ਅੰਦਰ ਆਏ ਮਤਭੇਦ ਵੀ ਉਸ ਨੇ ਖਤਮ ਕਰਨ ਲਈ ਉਪਾਅ ਕੀਤੇ। ਕੌਂਸਿਲ ਦੀ ਮੀਟਿੰਗ ਨੇ ਗ੍ਰੰਥਾਂ ਦੀ ਸੰਪਾਦਨਾ ਵੀ ਕੀਤੀ ਸੀ।

ਬੁੱਧ ਧਰਮ ਨੂੰ ਮੰਨਣ ਦੇ ਬਾਵਜੂਦ ਅਸ਼ੋਕ ਦੂਜੇ ਧਰਮਾਂ ਪ੍ਰਤੀ ਸਹਿਣਸ਼ੀਲ ਸੀ। ਉਸ ਨੇ ਸਭ ਧਰਮਾਂ ਦਾ ਸਾਰ ਕੱਢ ਕੇ ਧਾਰਮਿਕ ਵਹਿਮ ਤੇ ਗਲਤ ਫਹਿਮੀਆਂ ਦੂਰ ਕਰਨ ਦਾ ਯਤਨ ਵੀ ਕੀਤਾ। ਉਹ ਮਾਨ ਮਹਿਸੂਸ ਕਰਦਾ ਸੀ ਜਦੋਂ ਉਸ ਨੂੰ ਦੇਵ-ਪ੍ਰਿਯ ਆਖਿਆ ਜਾਂਦਾ ਸੀ। ਪਰੰਤੂ ਫਿਰ ਵੀ ਬ੍ਰਾਹਮਣਾਂ ਅਤੇ ਗਰੀਬਾਂ ਨੂੰ ਉਹ ਦਾਨ ਦਿੰਦਾ ਸੀ ਤੇ ਜੈਨੀਆਂ ਦੀ ਦੇਖਭਾਲ ਮਹਾਂਮਾਤਰਾ ਕਰਦੇ ਸਨ। ਅਸ਼ੋਕ ਸੰਗਤ ਅਤੇ ਸੰਜਮ ਭਾਵ ਘੱਟ ਬੋਲਣ ਵਿਚ ਵਿਸ਼ਵਾਸ ਰੱਖਦਾ ਸੀ। ਉਹ ਆਪ ਕੌੜੇ ਸ਼ਬਦ ਨਹੀਂ ਸੀ ਬੋਲਦਾ। ਆਮ ਆਦਮੀ ਲਈ ਉਸ ਦਾ ਉਪਦੇਸ਼ ਸੀ : 1. ਮਾਤਾ ਪਿਤਾ ਦੀ ਸੇਵਾ ਕਰੋ 2. ਬਜ਼ੁਰਗਾਂ ਲਈ ਦਯਾ ਰੱਖੋ 3. ਧਰਮ ਨਾਲ ਪ੍ਰੇਮ ਕਰੋ ਤੇ ਟੈਸਟ ਲਈ ਸਦਾ ਤਿਆਰ ਰਹੋ 4. ਸੱਚ ਦੀ ਤਲਾਸ਼ ਸਦੀਵੀ ਹੈ 5. ਉਸਤਾਦ ਦਾ ਆਦਰ ਲਾਜ਼ਮੀ ਕਰੋ।

ਅਸ਼ੋਕ ਦੇ ਸਤੰਭ ਲੇਖਾਂ ਰਾਹੀਂ ਐਲਾਨ ਕੀਤੇ ਗਏ ਹਨ ਕਿ ਲੋਕ ਅਤੇ ਪਰਲੋਕ ਦਾ ਮੁੱਖ ਤਾਂ ਡਾਢਾ ਪ੍ਰੇਮ ਧਰਮ ਨਾਲ ਕਰਨ ਨਾਲ ਹੀ ਜਾਂ ਭੈ-ਮੁਕਤ ਹੋਣ ਕਰਕੇ ਹੀ ਪ੍ਰਾਪਤ ਹੋਵੇਗਾ। ਧਰਮ ਪ੍ਰਤੀ ਨਿਯਮ ਨਹੀਂ ਧਿਆਨ ਵੱਧ ਜ਼ਰੂਰੀ ਸੀ।

ਅਸ਼ੋਕ ਉਪਦੇਸ਼ ਪੇਸ਼ ਹੀ ਨਹੀਂ ਸੀ ਕਰਦੇ ਸਗੋਂ ਉਨ੍ਹਾਂ ਦੀ ਪਾਲਣਾ ਕਰਦਾ ਸੀ। ਗੁਣਾਂ ਅੰਦਰ ਦਯਾ, ਦਾਨ ਤੇ ਸਹਿਨਸ਼ੀਲਤਾ ਸ਼ਾਮਲ ਸਨ। ਪਸ਼ੂਆਂ ਦੀ ਹੱਤਿਆ ਬੰਦ ਕਰਵਾ ਦਿੱਤੀ ਗਈ ਸੀ। ਪੰਡਤਾਂ ਅਤੇ ਸ਼ੂਦਰਾਂ ਨੂੰ ਦਾਨ ਦਾ ਰੂਪ ਸੋਨਾ ਦਿੱਤਾ ਜਾਂਦਾ ਸੀ। ਪਾਟਲੀਪੁਤਰ ਵਿਚ ਅਨੇਕਾਂ ਨਵੀਆਂ ਇਮਾਰਤਾਂ ਜਾਂ ਭਵਨ ਬਣਵਾਏ ਸਨ ਤਾਂ ਕਿ ਸੈਲਾਨੀ ਯਾਤਰਾ ਸਮੇਂ ਪ੍ਰੇਸ਼ਾਨ ਨਾ ਹੋਣ। ਬੋਧੀ ਮੁਨੀਆਂ ਦੇ ਸਤੂਪ ਹੋਰ ਵਿਸ਼ਾਲ ਕੀਤੇ ਗਏ ਸਨ।

## ਮੌਰੀਅਨ ਸਾਮਰਾਜ ਅਤੇ ਪਤਨ :-

ਅਸ਼ੋਕ ਹਕੂਮਤ ਦੇ ਅੰਤ ਵੱਲ ਜਾਂਦਿਆਂ ਉਸ ਦੀ ਇੰਪੀਰੀਅਲ ਰਾਜ ਪ੍ਰਣਾਲੀ ਉੱਪਰ ਪਕੜ ਕਮਜ਼ੋਰ ਪੈ ਚੁੱਕੀ ਸੀ। ਉਸ ਦੀ ਧਰਮ ਨੀਤੀ ਆਪਣੇ ਨਤੀਜੇ ਹਾਸਲ ਨਹੀਂ ਸੀ ਕਰ ਸਕੀ। ਸਮਾਜਿਕ ਟਕਰਾਅ

ਵਧ ਚੁੱਕਾ ਸੀ। ਟੈਕਸਿਲਾ ਨੇ ਬਿੰਦੂਸਾਰ ਦੇ ਕਾਲ ਅੰਦਰ ਵੀ ਬਗਾਵਤ ਕੀਤੀ ਸੀ ਅਤੇ ਦੋਬਾਰਾ ਬਗਾਵਤ ਕਰ ਦਿੱਤੀ। ਬਗਾਵਤ ਨੂੰ ਖਤਮ ਕਰਨ ਲਈ ਰਾਜਕੁਮਾਰ ਕੁਨਾਲਾ ਨੂੰ ਭੇਜਿਆ ਗਿਆ। ਬੋਧੀ ਸਾਹਿਤ ਅਨੁਸਾਰ ਕੂਨਾਲਾ ਨਜ਼ਰ ਤੋਂ ਕਾਫੀ ਕਮਜ਼ੋਰ ਸੀ ਅਤੇ ਆਪਣੀ ਮਤਰੇਈ ਮਾਂ ਕਾਰਨ ਜਿਆਦਾ ਸਤਿਕਾਰਯੋਗ ਸ਼ਹਿਜ਼ਾਦਾ ਨਹੀਂ ਸੀ। ਟੈਕਸਿਲਾ ਅੰਦਰ ਹੋਈ ਸਖਤੀ ਨੇ ਆਮ ਜਨਤਾ ਵਿਚ ਗੁੱਸਾ ਅਤੇ ਵਿਰੋਧ ਪੈਦਾ ਕਰ ਦਿੱਤਾ ਸੀ।

232 ਬੀ.ਸੀ. ਨੂੰ ਅਸ਼ੋਕ ਦੀ ਮੌਤ ਉਪਰੰਤ ਮੌਰੀਅਨ ਸਾਮਰਾਜ ਦੋ ਭਾਗਾਂ ਵਿਚ ਵੰਡ ਦਿੱਤਾ ਗਿਆ। ਪੱਛਮੀ ਹਿੱਸਾ ਤਾਂ ਕੂਨਾਲ ਅਤੇ ਸਮਧਗਤੀ ਅਧੀਨ ਸੀ। ਇਸ ਖੇਤਰ ਨੂੰ ਬੈਕਟੀਰੀਅਨ ਯੂਨਾਨੀਆਂ ਵੱਲੋਂ ਖਤਰਾ ਭਾਸਦਾ ਰਿਹਾ ਅਤੇ ਮੌਰੀਅਨ ਪਾਸਾ 180 ਬੀ.ਸੀ. ਨੂੰ ਇਸ ਤੋਂ ਹੱਥ ਧੋ ਬੈਠਾ। ਦੱਖਣ ਵੱਲੋਂ ਆਂਧਰਾ ਦੇ ਸਤਿਆਵਾਨਾਂ ਨੇ ਹਮਲੇ ਕਰ ਦਿੱਤੇ। ਉਹ ਹੀ ਦੱਖਣ ਸੰਭਾਲ ਚੁੱਕੇ ਸਨ। ਮੌਰੀਅਨ ਸਾਮਰਾਜ ਦਾ ਪੂਰਬੀ ਜਾਂ ਪਾਟਲੀਪੁਤਰ ਵਾਲਾ ਹਿੱਸਾ ਤਾਂ ਅਸ਼ੋਕ ਦੀ ਮੌਤ ਪਿੱਛੋਂ ਵੀ ਮੌਰੀਅਨਾਂ ਅਧੀਨ 50 ਸਾਲਾਂ ਤੱਕ ਰਿਹਾ ਅਤੇ ਇਸ ਉੱਪਰ ਬਿਰਹਦਗਥ ਆਖਰੀ ਹੁਕਮਰਾਨ ਸੀ। ਪਰੰਤੂ ਉਸ ਨੂੰ ਵੀ ਉਸ ਦੇ ਬ੍ਰਾਹਮਣ ਜਰਨੈਲ ਪੁਸ਼ਿਆਮਿਤਰ ਸੁੰਗ ਨੇ 181-180 ਬੀ.ਸੀ. ਨੂੰ ਕਤਲ ਕਰ ਦਿੱਤਾ ਸੀ।

ਅਸ਼ੋਕ ਉੱਪਰ ਇਲਜ਼ਾਮ ਲਗਦਾ ਹੈ ਕਿ ਉਹ ਆਪ ਮੌਰੀਆ ਪਤਨ ਲਈ ਜ਼ਿੰਮੇਵਾਰ ਸੀ। ਬੁੱਧ ਧਰਮ ਦੀ ਪੈਰ੍ਹਵੀ ਕਰਕੇ ਉਸ ਨੇ ਬ੍ਰਾਹਮਣਾਂ ਨਾਲ ਦੁਸ਼ਮਣੀ ਪੈਦਾ ਕਰ ਲਈ। ਅਸ਼ੋਕ ਦੇ ਅਹਿੰਸਾਵਾਦੀ ਕਦਮਾਂ ਨੇ ਵੀ ਮੌਰੀਅਨ ਸੈਨਾ ਨੂੰ ਕਮਜ਼ੋਰ ਕਰ ਦਿੱਤਾ। ਫਿਰ ਵੀ ਪਤਨ ਦੇ ਕਾਰਨ ਆਰਥਿਕ ਸਨ, ਨਾ ਕਿ ਧਾਰਮਿਕ ਜਾਂ ਫੌਜੀ। ਫੌਜ ਅਤੇ ਪ੍ਰਸ਼ਾਸਨ ਵਿਸ਼ਾਲ ਹੋ ਕੇ ਖਰਚੀਲੇ ਸਨ। ਅਰਥ ਸ਼ਾਸਤਰ ਨਾਲੋਂ ਉਲਟੇ ਇਹ ਨਵੇਂ ਅਫਸਰ ਪੈਦਾਵਾਰ ਨਾਲੋਂ ਵੀ ਟੁੱਟੇ ਹੋਏ ਸਨ। ਬੁੱਧ ਸੰਗਠਨ ਅਤੇ ਗਰੀਬਾਂ ਨੂੰ ਦਿੱਤਾ ਜਾਣ ਵਾਲਾ ਅਸ਼ੋਕ ਦਾ ਦਾਨ ਕੰਗਾਲੀ ਦੇ ਕਾਰਨ ਬਣੇ। ਗਰੀਬੀ ਦਾ ਜ਼ਿਕਰ ਫਾਹਯਾਨ (Fa-hsien) ਨੇ ਅਨੇਕਾਂ ਵਾਰ ਕੀਤਾ ਹੈ।

ਖਾਲੀ ਪਏ ਖਜ਼ਾਨੇ ਤੋਂ ਬਚਣ ਲਈ ਮੌਰੀਅਨ ਪ੍ਰਬੰਧ ਨੇ ਗੰਗਵਾਧੀ ਖੇਤਰ 'ਚੋਂ ਲਗਾਨ ਇਕੱਠਾ ਕਰਨ ਦੇ ਯਤਨ ਕੀਤੇ ਪਰ ਬਹੁਤਾ ਲਗਾਨ ਇਕੱਠਾ ਨਾ ਹੋ ਸਕਿਆ।ਮਗਧ ਵਾਲਾ ਖੇਤਰ ਤਾਂ ਪਹਿਲਾਂ ਹੀ ਜੰਗਲਾਂ ਨੂੰ ਨਸ਼ਟ ਕਰ ਚੁੱਕਿਆ ਸੀ। ਦਰਖਤਾਂ ਵੱਲੋਂ ਖਾਤਮੇ ਦਾ ਭਾਵ ਸੀ ਵੱਧ ਹੜਾਂ ਦਾ ਆਉਣਾ। ਇਸ

ਤਬਾਹੀ ਕਾਰਨ ਮੌਰੀਅਨ ਮੁੱਦਰਾ ਹੋਰ ਮੰਦੀ ਹੋ ਗਈ। ਇਸ ਤਰ੍ਹਾਂ ਵਿੱਤੀ ਸੰਕਟ ਵਧ ਗਿਆ ਅਤੇ ਮੌਰੀਅਨ ਸਾਮਰਾਜ ਇਕ ਦੋਫਾੜ ਕੀਤੇ ਗਏ ਅੰਬ ਵਰਗਾ ਹੋ ਨਿਬੜਿਆ।

## ਅਭਿਆਸ ਲਈ ਪ੍ਰਸ਼ਨ :-

ਪ੍ਰ :1 ਚੰਦਰਗੁਪਤ ਮੌਰੀਆ ਦੇ ਜੀਵਨ ਅਤੇ ਪ੍ਰਾਪਤੀਆਂ ਦਾ ਵਰਨਣ ਕਰੋ।

ਪ੍ਰ :2 ਸਮੁੰਦਰ ਗੁਪਤ ਦੀਆਂ ਜਿੱਤਾਂ ਦਾ ਵਰਨਣ ਕਰੋ।

## ਪ੍ਰ : 3 ਹੇਠ ਲਿਖਿਆ ਉਪਰ ਸੰਖੇਪ ਨੋਟ ਲਿਖੋ :-

1 : ਹੂਣਾ ਦੇ ਹਮਲੇ

2: ਕਾਲੀ ਦਾਸ ਦੀਆਂ ਰਚਨਾਵਾਂ

3 : ਗੁਪਤ ਕਾਲ ਦੇ ਨਾਟਕਾਰ

4: ਊਜੈਨ ਚ ਸਿਖਿਆ

5 : ਜਾਤੀ ਪ੍ਰਥਾ

6 : ਪਾਟਲੀ ਪੁੱਤ

ਪਾਠ ਨੰ-2.2 ਲੇਖਕ : ਨਾਜ਼ਰ ਸਿੰਘ ਸੈਕਸ਼ਨ : ਬੀ

# ਗੁਪਤ ਸਾਮਰਾਜ : ਸਮੁੰਦਰ ਗੁਪਤ (Samudra Gupta) ਅਤੇ ਚੰਦਰ ਗੁਪਤ ਦੂਸਰਾ ਦੇ ਪਤਨ ਦੇ ਕਾਰਨ

ਉੱਤਰੀ ਭਾਰਤ ਵਿਚ ਕੁਸ਼ਾਣਾਂ ਦਾ ਪਤਨ ਅਤੇ ਦੱਖਣ ਅੰਦਰ ਤੀਸਰੀ ਸਦੀ ਈਸਵੀ ਤਾਂ ਰਾਜ ਸੱਤਾ ਲਈ ਟੁੱਟ-ਭੱਜ ਦਾ ਸਮਾਂ ਸੀ। ਅਨੇਕਾਂ ਛੋਟੀਆਂ ਹੁਕਮਰਾਨ ਸ਼ਕਤੀਆਂ ਜਾਂ ਪਰਿਵਾਰ ਪੈਦਾ ਹੋਏ ਸਨ। ਅਜਿਹੀ ਹਾਲਤ ਵਿਚ ਗੁਪਤਿਆਂ ਨੇ ਸਾਮਰਾਜ ਦੀ ਨੀਂਹ ਰੱਖੀ। ਭਾਵੇਂ ਕਿ ਉਨ੍ਹਾਂ ਦਾ ਨਜ਼ਰ ਆਉਣਾ ਅਤੇ ਅਸਲੀ ਘਰ ਜਾਂ ਖਿੱਤਾ ਨਹੀਂ ਮਿਥਿਆ ਜਾ ਸਕਦਾ, ਫਿਰ ਵੀ ਜਾਪਦਾ ਹੈ ਕਿ ਉਨ੍ਹਾਂ ਦਾ ਜੀਵਨ ਇਕ ਮਾਤੈਹਿਤ ਜਾਂ ਨਿਰਭਰ ਕਰ ਸਕਦੀ ਸ਼ਕਤੀ ਦੇ ਰੂਪ ਵਿਚ ਹੀ ਹੋਇਆ ਅਤੇ ਉਹ ਕੁਸ਼ਾਣਾਂ ਦੀ ਕਿਸੇ ਸ਼ਾਖ ਰਾਹੀਂ ਹੀ ਉੱਭਰੇ ਸਨ। ਉਨ੍ਹਾਂ ਦਾ ਉਭਾਰ ਵੀ ਮਗਧ ਰਾਹੀਂ ਸੀ ਤੇ ਇਹ 4 ਸਦੀ ਈ. ਨੂੰ ਵਾਪਰਿਆ। ਪਹਿਲੇ ਦੋਨੋਂ ਗੁਪਤੇ ਸਰਦਾਰ - ਸ਼ਰੀਗੁਪਤ ਅਤੇ ਘਟੋਤਕੱਚ ਮਾਮੂਲੀ ਹੁਕਮਰਾਨ ਸਨ। ਉਨ੍ਹਾਂ ਦੋਹਾਂ ਬਾਰੇ ਵਾਕਫੀਅਤ ਚੰਦਰਗੁਪਤ ਪਹਿਲੇ ਰਾਹੀਂ ਹੀ ਪ੍ਰਾਪਤ ਹੁੰਦੀ ਹੈ। ਚੰਦਰਗੁਪਤ ਹੀ ਸਹੀ ਮਾਅਨਿਆਂ ਵਿਚ ਵੰਸ਼ ਦਾ ਬਾਨੀ ਸੀ। ਇਕ ਵੈਸ਼ਾਲੀ ਦੀ ਰਾਜਕੁਮਾਰੀ ਨਾਲ ਵਿਆਹ ਕਰਕੇ ਉਸ ਨੇ ਆਪਣੇ ਰੁਤਬੇ ਵਿਚ ਵਾਧਾ ਕੀਤਾ। ਫਿਰ ਵੀ ਵੈਸ਼ਾਲੀ ਉਸ ਦੇ ਰਾਜ ਦਾ ਹਿੱਸਾ ਨਹੀਂ ਸੀ ਬਣੀ। ਹਾਂ, ਉਸ ਦਾ ਰਾਜ ਮਗਧ ਅਤੇ ਉੱਤਰ ਪ੍ਰਦੇਸ਼ ਦੇ ਪੂਰਬੀ ਹਿੱਸੇ ਜਿਵੇਂ ਸੁਕੇਤ, ਪਰਿਆਰਾ ਤੱਕ ਫੈਲ ਗਿਆ ਸੀ। ਉਸ ਨੇ *ਮਹਾਂਰਾਜਅਧੀਰਾਜ* ਦੀ ਪਦਵੀ ਹਾਸਲ ਕਰਕੇ ਗੁਪਤ ਸਾਮਰਾਜ ਦੀ ਨੀਂਹ ਰੱਖ ਦਿੱਤੀ ਸੀ ਤੇ ਇਹ ਸਭ 319-20 ਏ.ਡੀ. ਨੂੰ ਵਾਪਰਿਆ।

ਚੰਦਰਗੁਪਤ ਪਹਿਲੇ ਦਾ ਉੱਤਰਾ-ਅਧਿਕਾਰੀ ਉਸ ਦਾ ਬੇਟਾ ਸਮੁੰਦਰ ਗੁਪਤ ਸੀ। ਉਹ 325 ਏ.ਡੀ. ਨੂੰ ਹੁਕਮਰਾਨ ਬਣਿਆ। ਆਪਣੇ ਵੰਸ਼ ਦੇ ਹੀ ਇਕ ਵਿਰੋਧੀ ਕਾਚਾ ਨੂੰ ਹਰਾ ਕੇ ਉਸ ਨੇ ਜਿੱਤਾਂ ਸ਼ੁਰੂ

ਕੀਤੀਆਂ। ਇਨ੍ਹਾਂ ਜਿੱਤਾਂ ਦਾ ਵੇਰਵਾ ਸਾਨੂੰ ਅਸ਼ੋਕ ਦੀ ਲੋਹ-ਥੰਮ ਅਭਿਲੇਖ ਅਲਾਹਾਬਾਦ ਰਾਹੀਂ ਲਿਖਿਆ ਹੋਇਆ ਮਿਲਦਾ ਹੈ। ਇਹ ਇਕ ਕਵਿਤਾ ਸੀ ਅਤੇ ਇਹ ਮਹਿਮਾ ਜਾਂ ਪਰਾਸ਼ਾਸਤੀ ਦਰਬਾਰੀ ਕਵੀ ਹਰੀਸੇਨ ਨੇ ਰਚੀ ਸੀ। ਇਸ ਦੇ ਸਲੋਕ ਜਾਂ ਬੰਦ ਸੰਸਕ੍ਰਿਤ ਭਾਸ਼ਾ ਵਿਚ ਅਤੇ ਜ਼ੋਰਦਾਰ ਹਨ, ਕਿਉਂਕਿ ਇਹ ਸਮੁੰਦਰਗੁਪਤ ਦੀ ਮੌਤ ਉਪਰੰਤ ਹੀ ਉਸ ਦੀਆਂ ਜਿੱਤਾਂ ਦਾ ਗੁਣ ਗਾਉਂਦੇ ਹਨ। ਇਸ ਵਿਚ ਹੇਠ ਲਿਖੀਆਂ ਜਿੱਤਾਂ ਦਾ ਹਵਾਲਾ ਹੈ :

1) ਉਸ ਨੇ ਅਚੀਛਾਤਾਰਾ ਦੇ ਪਦਮਵਤੀ (ਮੱਧ ਪ੍ਰਦੇਸ਼ ਵਿਚ) ਦੇ ਨਾਗਸੇਨ ਨੂੰ ਜੜੋਂ ਪੁੱਟਿਆ। ਇਸ ਤਰ੍ਹਾਂ ਹੀ ਮਥੁਰਾ ਦੇ ਗਨਪਾਤਿੰਗਾ ਨਾਲ ਵੀ ਵਾਪਰਿਆ।

2) ਇਸ ਤੋਂ ਪਿੱਛੋਂ ਉਨ੍ਹਾਂ ਰਾਜਿਆਂ ਅਤੇ ਕਬੀਲਿਆਂ ਦੀ ਲਿਸਟ ਆਉਂਦੀ ਹੈ ਜੋ ਉਸ ਨੇ ਜਿੱਤੇ ਅਤੇ ਅਧੀਨ ਕੀਤੇ ਸਨ। 12 ਰਾਜੇ ਤਾਂ ਕੇਵਲ ਦੱਖਣ ਰਸਤੇ ਵੱਲ ਹੀ ਸਨ। ਉਨ੍ਹਾਂ ਨੂੰ ਆਜ਼ਾਦ ਕਰ ਦਿੱਤਾ ਗਿਆ ਅਤੇ ਪੁਨਰ ਬਹਾਲ ਕੀਤੇ ਗਏ। ਉੱਤਰੀ ਭਾਰਤ ਜਾਂ ਆਰੀਆਵਰਤਾ ਖਿੱਤੇ ਦੇ ਅੱਠ ਰਾਜੇ ਜਿੱਤੇ ਗਏ ਅਤੇ ਖਤਮ ਜਾਂ ਮਲੀਆਮੇਟ ਕਰ ਦਿੱਤੇ ਗਏ। ਕੇਂਦਰੀ ਭਾਰਤ ਅੰਦਰ ਵੀ ਅਨੇਕਾਂ ਜੰਗਲੀ ਰਾਜ ਜਾਂ ਕਬੀਲੇ ਖਤਮ ਕੀਤੇ।

3) ਦੱਖਣ ਵੱਲ ਪੰਜ ਸਰਹੱਦੀ ਮੁਖੀ ਅਤੇ 9 ਕਬੀਲਾ ਸਰਦਾਰੀਆਂ ਦਾ ਅੰਤ ਆਇਆ ਸੀ - ਇਹ ਰਾਜਸਥਾਨ ਅੰਦਰ ਵਾਪਰਿਆ। ਦੇਵਪੁਤਰਾ ਸਹਿਨਸ਼ਾਹੀ ਦੇ ਰੁਤਬੇ ਵਾਲਾ, ਜੋ ਸ੍ਰੀ ਲੰਕਾ ਦਾ ਮੁਖੀ ਸੀ, ਉਹ ਵੀ ਮਤਾਹਿਤ ਰਾਜ ਬਣਾਇਆ ਗਿਆ।

ਵਿਸ਼ਾਲ ਜਿੱਤਾਂ ਦੇ ਬਾਵਜੂਦ ਸਮੁੰਦਰ ਗੁਪਤ ਬਾਦਸ਼ਾਹੀ ਕੇਵਲ ਉੱਤਰੀ ਭਾਰਤ ਤੱਕ ਹੀ ਸੀਮਤ ਸੀ। ਦੱਖਣ ਉਸ ਨੂੰ Tribute ਅਦਾ ਕਰਦਾ ਸੀ। ਪੱਛਮੀ ਭਾਰਤ ਦੇ ਸ਼ਕਾ ਵੀ ਨਹੀਂ ਹਾਰੇ ਸਨ। ਪੰਜਾਬ ਤੇ ਰਾਜਸਥਾਨ ਦੀਆਂ ਲੋਕਰਾਜੀ ਸ਼ਕਤੀਆਂ ਵੀ ਨਹੀਂ ਮਿਟੀਆਂ ਸਨ। ਫਿਰ ਵੀ ਇਹ ਸਾਮਰਾਜ ਵਿਸ਼ਾਲ ਸੀ ਅਤੇ ਉਸ ਨੇ *ਅਸਵਮੇਧ* ਯੱਗ ਕੀਤਾ ਸੀ।

ਇਲਾਹਾਬਾਦ ਪ੍ਰਸਤੀ ਅਨੁਸਾਰ ਸਮੁੰਦਰ ਗੁਪਤ ਕੇਵਲ ਜੇਤੂ ਨਹੀਂ ਸੀ ਸਗੋਂ ਇਕ ਮਹਾਂ ਕਵੀ, ਸੰਗੀਤਕਾਰ ਅਤੇ ਸਿੱਖਿਆ ਦਾ ਸਰਪ੍ਰਸਤ ਵੀ ਸੀ। ਉਸ ਦੀ ਕਵਿਤਾਵਾਂ ਤਾਂ ਬੇਸ਼ੱਕ ਖਤਮ ਹੋ ਚੁੱਕੀਆਂ ਹਨ ਪਰੰਤੂ ਸੰਗੀਤ ਪ੍ਰੇਮ ਦੀ ਝਲਕ ਸੋਨੇ ਦੀਆਂ ਮੋਹਰਾਂ ਜਾਂ ਸਿੱਕਿਆਂ ਤੋਂ ਮਿਲ ਜਾਂਦੀ ਹੈ ਕਿਉਂਕਿ ਉਸ

ਦੇ ਹੱਥ ਵਿਚ ਵੀਨਾ ਨਜ਼ਰ ਆਉਂਦੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਨੇ ਮਹਾਨ ਬੋਧੀ ਵਿਦਵਾਨ ਵਿਸਾਖਾਦਤ ਨੂੰ ਸਰਪ੍ਰਸਤੀ ਦਿੱਤੀ ਸੀ।

ਚੰਦਰਗੁਪਤ ਦੂਸਰੇ ਨੇ 375 ਤੋਂ 418 ਈ. ਤੱਕ ਹਕੂਮਤ ਕੀਤੀ ਅਤੇ ਗੁਪਤ ਸਾਮਰਾਜ ਨੂੰ ਵੀ ਵਧਾਇਆ ਸੀ। ਦੇਵੀਚੰਦਗੁਪਤਮ, ਜੋ ਕਿ ਵਿਸਾਖਾਦਤ ਦੀ ਕ੍ਰਿਤ ਸੀ, ਦੱਸਦੀ ਹੈ ਕਿ ਸਮੁੰਦਰ ਗੁਪਤ ਦਾ ਉਤਰਾਧਿਕਾਰੀ ਰਾਮਾਗੁਪਤ ਸੀ। ਰਾਮਾਗੁਪਤ ਨੂੰ ਸ਼ਕਾਂ ਨੇ ਹਰਾ ਦਿੱਤਾ ਸੀ ਅਤੇ ਉਹ ਆਪਣੇ ਜੇਤੂ ਨੂੰ ਆਪਣੀ ਧਰਮ ਪਤਨੀ ਦੇਣ ਲਈ ਰਾਜ਼ੀ ਹੋ ਗਿਆ। ਇਸ ਵਿਚਾਰ ਨਾਲ ਅਸਹਿਮਤ ਚੰਦਰਗੁਪਤ ਨੇ ਅਪਾ ਸ਼ਕਾ ਮੁਖੀ ਨੂੰ ਮਿਲਿਆ ਸੀ ਅਤੇ ਉਸ ਨੇ ਆਪਣੇ ਰਾਮਾਗੁਪਤ ਭਰਾ ਦਾ ਕਤਲ ਵੀ ਕਰ ਦਿੱਤਾ ਸੀ। ਇਸ ਧਰਮ ਪਤਨੀ ਦਾ ਨਾਮ ਧਰੁਵ ਦੇਵੀ ਸੀ ਅਤੇ ਇਸ ਨੂੰ ਚੰਦਰਗੁਪਤ ਨੇ ਆਪਣੀ ਘਰਵਾਲੀ ਬਣਾ ਲਿਆ ਸੀ।

ਚੰਦਰਗੁਪਤ ਦੂਸਰਾ ਨੇ ਸ਼ਾਕਾ ਨੂੰ ਹਰਾ ਦਿੱਤਾ ਅਤੇ ਇੰਝ ਪੱਛਮੀ ਭਾਰਤ ਦਾ ਵੱਡਾ ਹਿੱਸਾ ਉਸ ਦੇ ਰਾਜ ਅਧੀਨ ਆ ਗਿਆ ਸੀ। ਇਸ ਖਿੱਤੇ ਰਾਹੀਂ ਕਈ ਬੰਦਰਗਾਹਾਂ ਵੀ ਗੁਪਤਾ ਸਾਮਰਾਜ ਦਾ ਹਿੱਸਾ ਬਣੀਆਂ। ਫਿਰ ਉਸ ਨੇ ਅਨੇਕਾਂ ਖਾਨਦਾਨਾਂ ਨਾਲ ਸ਼ਾਦੀ-ਸਮਝੌਤੇ ਕਰ ਲਏ ਸਨ। ਉਸ ਨੇ ਨਾਗ ਪਰਿਵਾਰ ਦੇ ਹੁਕਮਰਾਨ ਕੁਵਰਨਾਗ ਦੀ ਬੀਵੀ ਨਾਲ ਸ਼ਾਦੀ ਕਰਕੇ ਇਕ ਬੇਟੀ ਪੈਦਾ ਕੀਤੀ। ਬੇਟੀ ਦਾ ਨਾਮ ਪ੍ਰਭਾ ਗੁਪਤਾ ਰੱਖਿਆ ਗਿਆ। ਇਸ ਬੇਟੀ ਦੀ ਸ਼ਾਦੀ ਉਸ ਨੇ ਰੁਦਰਸੈਨਾ ਦੂਜੇ ਦੇ ਲੜਕੇ ਨਾਲ ਕਰ ਦਿੱਤੀ। ਇਹ ਲੜਕਾ ਵਾਕਾਟਕਾ ਵੰਸ਼ ਦਾ ਸੀ - ਇਹ ਵੰਸ਼ ਕੇਂਦਰੀ ਭਾਰਤ ਉੱਪਰ ਹੁਕਮਰਾਨ ਸਨ। ਪ੍ਰਭਾ ਗੁਪਤਾ ਆਪਣੇ ਪਿਤਾ ਦੀ ਮੌਤ ਪਿੱਛੋਂ 390 ਤੋਂ 410 ਈ. ਤੱਕ ਆਪ ਗੱਦੀ ਉੱਤੇ ਬੈਠੀ। ਇਸ ਤਰ੍ਹਾਂ ਵਾਕਾਟਕਾ ਖੇਤਰ ਵੀ ਗੁਪਤਾ ਸਾਮਰਾਜ ਦਾ ਹਿੱਸਾ ਬਣ ਗਿਆ। ਇਸ ਤੋਂ ਬਾਅਦ ਕੁਨਟਾਲਾ ਜਾਂ ਕੋਨਕਣ (Konkan) ਵਾਲਾ ਖੇਤਰ ਵੀ ਸ਼ਾਦੀ ਰਾਹੀਂ ਚੰਦਰਗੁਪਤ ਦੂਸਰੇ ਨੇ ਹਾਸਲ ਕੀਤਾ ਸੀ। ਇਸ ਤਰ੍ਹਾਂ ਉਸ ਦੀ ਬਾਦਸ਼ਾਹੀ ਯੁੱਧਾਂ ਕਰਕੇ ਨਹੀਂ ਸਗੋਂ ਵਿਦਿਆ ਅਤੇ ਕਲਾ ਦੀ ਸਰਪ੍ਰਸਤੀ ਕਰਕੇ ਜਾਣੀ ਜਾਂਦੀ ਹੈ। ਕਾਲੀਦਾਸ ਵਰਗਾ ਵੱਡਾ ਨਾਟਕਕਾਰ ਉਸ ਦੇ ਦਰਬਾਰ ਦਾ ਮੈਂਬਰ ਰਿਹਾ ਸੀ।

ਆਪਣੇ ਪਿਤਾ ਦੀ ਮੌਤ ਪਿੱਛੋਂ ਕੁਮਾਰਗੁਪਤ (415-54) ਹੁਕਮਰਾਨ ਬਣਿਆ ਤੇ ਇਹ ਵਕਤ ਹੂਣ ਖਤਰੇ ਜਾਂ ਹਮਲੇ ਦਾ ਸਮਾਂ ਸੀ ਕਿਉਂਕਿ ਉਨ੍ਹਾਂ ਨੇ ਕੇਂਦਰੀ ਏਸ਼ੀਆ ਵਿਚ ਬੈਕਟੀਰੀਆ ਜਿੱਤ ਲਈ ਸੀ ਅਤੇ ਉਨ੍ਹਾਂ ਨੇ ਹਮਲਾ ਵੀ ਹਿੰਦੂਕੁਸ਼ ਪਹਾੜ ਜਾਂ ਦਰ੍ਹੇ ਰਾਹੀਂ ਹੀ ਕਰਨਾ ਸੀ। ਫਿਰ ਵੀ ਕੁਮਾਰਗੁਪਤ ਦੇ

ਉਤਰਾਧਿਕਾਰੀ ਸਕਦ ਗੁਪਤ ਨੇ ਹੂਣਾਂ ਦਾ ਸਾਹਮਣਾ ਕੀਤਾ। ਠੀਕ ਇਸੇ ਹੀ ਸਮੇਂ ਉਸ ਦੀ ਆਰਥਿਕ ਹਾਲਤ ਵੀ ਮੰਦੇ ਦਾ ਸ਼ਿਕਾਰ ਹੋ ਗਈ ਸੀ ਅਤੇ ਉਸ ਅਧੀਨ ਮੁਖੀ ਜਾਂ ਸਥਾਨਕ ਹੁਕਮਰਾਨ ਵੀ ਸਾਥ ਨਹੀਂ ਦੇ ਰਹੇ ਸਨ। ਫਿਰ ਉਹ ਬਹਾਦਰੀ ਨਾਲ ਲੜਿਆ ਅਤੇ ਹੂਣ ਹਾਰ ਗਏ ਸਨ।

467 ਈ. ਨੂੰ ਸਕੰਦਰ ਗੁਪਤ ਦੀ ਮੌਤ ਉਪਰੰਤ ਅਨੇਕਾਂ ਹੁਕਮਰਾਨ ਸਾਹਮਣੇ ਆਉਂਦੇ ਹਨ ਪਰ ਉਹ ਗੁਪਤ ਸਾਮਰਾਜ ਨੂੰ ਇਕੱਠਾ ਕਰਕੇ ਰੱਖਣ ਵਿਚ ਸਫਲ ਨਾ ਹੋ ਸਕੇ। ਪੰਜਵੀਂ ਸਦੀ ਦੇ ਅੰਤ ਵੇਲੇ ਗੁਪਤ ਸਾਮਰਾਜ ਉੱਪਰ ਹੂਣਾਂ ਦਾ ਵੱਡਾ ਹਮਲਾ ਹੋਇਆ। ਫੌਜੀ ਪੱਖੋਂ ਮਾਹਿਰ ਹੂਣ ਸੈਨਾਵਾਂ ਖਾਸ ਕਰਕੇ ਘੋੜ ਸਵਾਰ ਪਲਟਣਾਂ ਨੇ ਇਸ ਸਾਮਰਾਜ ਨੂੰ ਭੰਨ-ਤੋੜ ਦਿੱਤਾ ਸੀ ਅਤੇ 50 ਸਾਲਾਂ ਦੇ ਅੰਦਰ ਅਨੇਕਾਂ ਵੱਖ ਰਿਆਸਤਾਂ ਦਾ ਜਨਮ ਹੋ ਗਿਆ।

## ਪਤਨ

ਉੱਤਰੀ ਭਾਰਤ ਅੰਦਰ ਮੱਧ ਪ੍ਰਦੇਸ਼ ਦੇ ਇਲਾਕੇ ਏਰਾਨ ਤੱਕ ਹੂਣ ਹਕੂਮਤ ਕਾਇਮ ਹੋਣ ਕਰਕੇ ਗੁਪਤ ਸਾਮਰਾਜ ਤਾਂ ਬਿਖਰ ਚੁੱਕਾ ਸੀ। ਹੂਣਾਂ ਦਾ ਮੁੱਢਲਾ ਬਾਦਸ਼ਾਹ ਤੋਰਾਮਾਨ ਨਾਮ ਵਾਲਾ ਸੀ ਜਿਸ ਨੂੰ ਵਿਸ਼ਨੂ ਦਾ ਦੂਤ ਮੰਨਿਆ ਜਾਣ ਲੱਗ ਪਿਆ ਸੀ। ਉਸ ਨੇ ਜੈਨ ਧਰਮ ਵੀ ਗ੍ਰਹਿਣ ਕਰ ਲਿਆ ਸੀ। 515 ਈ. ਨੂੰ ਉਸ ਦਾ ਪੁੱਤਰ ਮਿਹਰੀਕੁਲਾ ਉਸ ਦਾ ਉਤਰਾਧਿਕਾਰੀ ਬਣ ਗਿਆ। ਉਹ ਸਕਾਲਾ ਜਾਂ ਸਿਆਲਕੋਟ ਤੋਂ ਹਕੂਮਤ ਕਰਦਾ ਸੀ। ਪਰੰਪਰਾ ਅਨੁਸਾਰ ਉਹ ਬੁੱਤ ਤੋੜ ਸੀ ਅਤੇ ਬੋਧੀ ਅਸੂਲਾਂ ਦਾ ਮਾਲਕ ਸੀ। ਹਾਂ, ਉਹ ਸ਼ਿਵ ਦਾ ਪੁਜਾਰੀ ਸੀ ਅਤੇ ਉਸ ਨੇ ਸ਼ਿਵਜੀ ਮੰਦਰ ਮਹੀਸ਼ਿਵਰਾ ਵੀ ਬਣਵਾਇਆ ਸੀ। ਮਿਹਰੀਕੁਲਾ ਬੇਸ਼ੱਕ ਗੁਪਤਿਆਂ ਤੋਂ ਹਾਰ ਗਿਆ ਸੀ ਫਿਰ ਵੀ ਗੁਪਤ ਸਾਮਰਾਜ ਹੂਣ ਸ਼ਕਤੀ ਨੂੰ ਸੰਪੂਰਨ ਤੌਰ ਤੇ ਮਿਟਾ ਨਹੀਂ ਸਕਿਆ ਸੀ।

ਗੁਪਤ ਸਾਮਰਾਜ ਦਾ ਪਤਨ ਹੂਣਾਂ ਕਾਰਨ ਹੀ ਨਹੀਂ ਵਾਪਰਿਆ ਸੀ ਸਗੋਂ ਇਸ ਦਾ ਨਿਰਮਾਣ ਹੀ ਪਤਨ ਲਈ ਜ਼ਿੰਮੇਵਾਰ ਸੀ। ਗੁਪਤਿਆਂ ਨੇ ਮੌਰੀਆ ਨਾਲੋਂ ਭਿੰਨ ਟਾਈਟਲਜ਼ ਜਿਵੇਂ *ਮਹਾਂਅਧੀਰਾਜ, ਪਰਮੇਸਵਰਾ, ਪਗਮਾ ਭਟਾਰਕਾਅ* ਅਤੇ *ਚੱਕਰਵਰਤੀ* ਰੱਖੇ ਹੋਏ ਸਨ। ਇਹ ਉਪਾਧੀਆਂ ਅਧੀਨ ਰਾਜਿਆਂ ਨੂੰ ਦਿੱਤੀਆਂ ਜਾਂਦੀਆਂ ਸਨ। ਜਿੱਤੇ ਹੋਏ ਇਲਾਕੇ ਦਾ ਵੱਡਾ ਹਿੱਸਾ ਨਿਰਭਰ ਰਾਜਿਆਂ ਨੂੰ ਦਿੱਤਾ ਗਿਆ ਸੀ ਅਤੇ ਉਨ੍ਹਾਂ ਲਈ ਉਪਾਧੀਆਂ ਸਨ *ਪਰੀਵਰਾਜਕਤਾ* ਅਤੇ *ਉਛਾਲਪਾਲੀਕਾ* ਰਾਜਕੁਮਾਰ। ਕੇਵਲ

ਬੰਗਾਲ, ਬਿਹਾਰ ਅਤੇ ਉੱਤਰ ਪ੍ਰਦੇਸ਼ ਹੀ ਗੁਪਤਾ ਸਾਮਰਾਜ ਦਾ ਕੇਂਦਰੀ-ਬਿੰਦੂ ਜਾਂ ਧੁਰਾ ਸੀ। ਸਾਮਰਾਜ ਉੱਪਰ ਨਿਰਭਰ ਸ਼ਕਤੀਆਂ ਹੇਠ ਲਿਖੀਆਂ ਸਨ :

ੳ) ਵਲਭੀ ਖਿੱਤੇ ਦੇ ਮੈਤਰਕਾਜ

ਅ) ਥਾਨੈਸ਼ਰ ਦੇ ਵਰਧਨ

ੲ) ਕਾਨੌਜ ਦੇ ਮਾਊਖੇਰੀਜ

ਸ) ਮਗਧ ਦੇ ਪਿछਲੇਰੇ ਗੁਪਤੇ ਅਤੇ

ਹ) ਬੰਗਾਲ ਦੇ ਚੰਦਰਾਜ

ਇਨ੍ਹਾਂ ਸਾਰੇ ਪ੍ਰਦੇਸ਼ਾਂ ਨੇ ਆਖਰ ਆਜ਼ਾਦੀ ਹਾਸਲ ਕਰਕੇ ਗੁਪਤਾ ਸਾਮਰਾਜ ਨੂੰ ਇਕ ਪਰਛਾਵੇਂ ਵਰਗਾ ਰੂਪ ਦਿੱਤਾ।

ਮੌਰੀਆ ਫੌਜਾਂ ਦੇ ਮੁਕਾਬਲੇ ਗੁਪਤਾ ਸੈਨਾ ਬਹੁਤ ਛੋਟੀ ਸੀ। ਇਹ ਸਮੁਦਰ ਗੁਪਤਾ ਦੀਆਂ ਜਿੱਤਾਂ ਬਾਰੇ ਠੀਕ ਜਾਣਕਾਰੀ ਪੇਸ਼ ਨਹੀਂ ਕਰਦੀਆਂ। ਫਾਹਯਾਨ ਵੀ ਫੌਜ ਦੀ ਗਿਣਤੀ ਨਹੀਂ ਦੱਸਦਾ ਹੈ। ਫੌਜ ਦੀ ਸ਼ਕਤੀ ਅਤੇ ਗਿਣਤੀ ਜਾਂ ਬਣਤਰ ਤਾਂ ਨਿਰਭਰ ਸ਼ਕਤੀਆਂ ਉੱਪਰ ਆਸ਼ਰਿਤ ਸੀ। ਗੁਪਤਿਆਂ ਪਾਸ ਨਾ ਹਾਥੀ ਸਨ ਅਤੇ ਨਾ ਹੀ ਬਹੁਤੇ ਘੋੜ ਸਵਾਰ।

ਫੌਜ ਵਾਂਗ ਹੀ ਗੁਪਤਾ ਅਫਸਰਸ਼ਾਹੀ ਵੀ ਸੰਗਠਿਤ ਨਹੀਂ ਸੀ। ਵੱਡੇ ਅਫਸਰ ਜਾਂ ਕੁਮਾਰਾਮਾੜਿਆਜ ਵਿਚੋਂ ਹੀ ਮੁੱਖ ਸਨ : ਮੰਤਰੀ, ਸੈਨਾਪਤੀ, ਮਹਾਦੰਡ ਨਾਇਕਾ, ਸੰਧੀ ਵਿਗਰਾਹੀਕਾ ਆਦਿ। ਇਕ ਹੀ ਮਨੁੱਖ ਪਾਸ ਕਈ ਪਦਵੀਆਂ ਦੇ ਦਿੱਤੀਆਂ ਜਾਂਦੀਆਂ ਸਨ। ਅਲਾਹਾਬਾਦ ਪ੍ਰਸ਼ਸਤੀ ਲਿਖਣ ਵਾਲੇ ਕੋਲ ਅਨੇਕਾਂ ਮਹਿਕਮੇ ਸਨ।

ਰਾਜ ਪ੍ਰਬੰਧ ਦਾ ਕੇਂਦਰੀਕਰਨ ਢਿੱਲਾ ਪੈ ਗਿਆ ਕਿਉਂ ਜੋ ਭੂਮੀ ਦਾ ਵੱਡਾ ਹਿੱਸਾ ਜਾਂ ਪਿੰਡ ਦਾਨ ਦੇ ਰੂਪ ਵਿਚ ਪੰਡਤਾਂ ਅਤੇ ਪੁਜਾਰੀਆਂ ਨੂੰ ਦਿੱਤੇ ਗਏ ਸਨ। ਇੰਝ ਵਿਕੇਂਦਰੀਕਰਨ ਹੋਇਆ। ਪੁਰਾਨ ਇਸ ਕਰਕੇ ਹੀ ਇਸ ਸਮੇਂ ਨੂੰ ਕਲਯੁਗ ਆਖਦੇ ਸਨ। ਜਮਾਤਾਂ ਦਾ ਘੋਲ ਅਜੀਬ ਸੀ। ਲਗਾਨ ਜਾਂ ਟੈਕਸ ਤਾਂ ਇਕੱਠੇ ਨਹੀਂ ਹੁੰਦੇ ਸਨ। ਹਾਂ, ਵੱਡੇ ਵੱਡੇ ਜ਼ਿਮੀਦਾਰ ਪੈਦਾ ਹੋ ਗਏ ਅਤੇ ਉਹੀ ਬਾਦਸ਼ਾਹ ਅਤੇ ਜਨਤਾ ਵਿਚਕਾਰ ਆ ਖੜੋਤੇ ਸਨ। ਮੌਰੀਅਨ ਕਾਲ ਵਿਚ ਜਿਥੇ ਲੂਣ ਅਤੇ ਸੋਨੇ ਦੀਆਂ ਖਾਣਾਂ ਕੇਵਲ ਬਾਦਸ਼ਾਹ ਅਧੀਨ

ਆਉਂਦੀਆਂ ਸਨ ਇਹ ਰੀਤ ਵੀ ਗੁਪਤਿਆਂ ਨੇ ਖਤਮ ਕਰ ਲਈ। ਪਿੰਡਾਂ ਦੇ ਪਿੰਡ ਰਾਜ ਪ੍ਰਬੰਧ ਤੋਂ ਵੱਖਰੇ ਹੋ ਗਏ ਅਤੇ ਚੋਰ ਜਾਂ ਠੱਗ ਖੁੱਲ੍ਹੇ ਰੂਪ ਵਿਚ ਕਿਸਾਨਾਂ ਨੂੰ ਲੁੱਟਦੇ ਰਹੇ ਸਨ।

ਫਿਊਡਲ ਸਮਾਜ ਹੋਰ ਗੰਭੀਰ ਹੋ ਗਿਆ ਕਿਉਂਕਿ ਸਰਫਡਮ ਕਾਰਨ ਕਿਸਾਨ ਗੁਲਾਮੀ ਦਾ ਸ਼ਿਕਾਰ ਹੋ ਗਏ। ਉਹ ਤਾਂ ਬ੍ਰਾਹਮਣਾਂ ਦੇ ਹਲਵਾਹਿਕ ਹੀ ਰਹਿ ਗਏ। ਉਨ੍ਹਾਂ ਪਾਸੋਂ ਜ਼ਮੀਨ ਖੋਹ ਕੇ ਕਿਸੇ ਦੂਸਰੇ ਨੂੰ ਦੇ ਦਿੱਤੀ ਜਾਂਦੀ ਸੀ। ਇਹ ਗੁਜਰਾਤ, ਕੇਂਦਰੀ ਭਾਰਤ ਅਤੇ ਉੜੀਸਾ ਵਿਚ ਵਾਪਰਿਆ। ਇਸ ਤਰ੍ਹਾਂ ਕਿਸਾਨ, ਸਰਫ਼ ਜਾਂ ਅਰਧ-ਸਰਫ਼ ਬਣਦੇ ਗਏ।

ਕਿਸਾਨਾਂ ਤੋਂ ਵੀ ਵਧੇਰੇ ਜ਼ਿਕਰ ਸਰਫਡਮ ਦਾ ਕੀਤਾ ਗਿਆ ਹੈ। ਗੁਪਤ ਕਾਲ ਦਾ ਕਾਨੂੰਨੀ ਵਿਦਵਾਨ ਨਾਰਾਡਾ (Narada) ਲਿਖਦਾ ਹੈ ਕਿ ਗੁਲਾਮ ਜਾਂ ਘਰੇਲੂ ਨੌਕਰ ਹੀ 15 ਕਿਸਮ ਦੇ ਸਨ। ਇਹ ਲੋਕ ਅਨੇਕਾਂ ਕੰਮ ਕਰਦੇ ਜਿਵੇਂ ਕਿ ਘਰ ਦੀ ਰਾਖੀ, ਰਸਤੇ ਜਾਂ ਸੜਕਾਂ ਉੱਪਰ ਪਹਿਰਾ, ਮਾਲਕ ਦੇ ਪੈਰ/ਬਾਹਾਂ ਦੀ ਮਾਲਿਸ਼। ਪਰ ਖੇਤਾਂ ਵਿਚ ਕੰਮ ਕਰਦੇ ਗੁਲਾਮ ਵੱਖਰੇ ਅਤੇ ਬੇਹਤਰ ਨੌਕਰ ਸਨ। ਪਰੰਤੂ ਜ਼ਮੀਨ ਵੀ ਦਾਨ ਦਾ ਸਾਧਨ ਬਣ ਚੁੱਕੀ ਸੀ ਅਤੇ ਮੁਜਾਰਿਆਂ ਪਾਸੋਂ ਭੂਮੀ ਖੋਹ ਲਈ ਜਾਂਦੀ ਸੀ।

ਜਬਰਦਸਤੀ ਕਾਰਨ ਮਜਦੂਰੀ ਨੂੰ ਵਿਸ਼ਟੀ ਕਿਹਾ ਜਾਂਦਾ ਸੀ। ਹਰ ਜਾਤ ਵਿਚੋਂ ਵਿਸ਼ਟੀ ਪੈਦਾ ਹੋਏ ਅਤੇ ਉਨ੍ਹਾਂ ਨੂੰ ਵੱਖ-ਵੱਖ ਕਿਸਮ ਦੇ ਕੰਮ ਕਰਨੇ ਪੈਂਦੇ ਸਨ। ਕਾਮਾਸੂਤਰਾ ਸਾਹਿਤ ਅਨੁਸਾਰ ਤਾਂ ਕਿਰਸਾਣੀ ਔਰਤਾਂ ਨੂੰ ਬਿਨਾਂ ਤਨਖਾਹ ਜਾਂ ਮਜ਼ਦੂਰੀ ਪੈਸਾ ਹੀ ਵੱਖ-ਵੱਖ ਕਾਰਜ ਕਰਨੇ ਪੈਂਦੇ ਸਨ। ਪਿੰਡ ਵਾਲਿਆਂ ਨੂੰ ਫੌਜ ਅਤੇ ਅਫਸਰਾਂ ਦੇ ਖਰਚੇ ਭਰਨੇ ਪੈਂਦੇ ਸਨ। ਉਹ ਅਕਸਰ ਪਸ਼ੂ ਜਾਂ ਦੁੱਧ ਅਫਸਰਾਂ ਨੂੰ ਭੇਟ ਕਰਦੇ ਸਨ। ਇੰਝ ਕਿਸਾਨਾਂ ਉੱਪਰ ਆਰਥਿਕ ਬੋਝ ਵਧਦਾ ਗਿਆ। ਇਸ ਤਰ੍ਹਾਂ ਕਿਸਾਨਾਂ ਵਿਚ ਵਿਰੋਧੀ ਭਾਵਨਾ ਪੈਦਾ ਹੁੰਦੀ ਗਈ ਭਾਵੇਂ ਕਿ ਰਾਜ ਪ੍ਰਬੰਧ ਅਤਿਆਚਾਰੀ ਹੀ ਬਣੇ ਰਹੇ।

ਦੂਰ ਦਾ ਵਪਾਰ ਵੀ ਬਹੁਤ ਘਟਿਆ। ਰੋਮਨ ਸਾਮਰਾਜ ਟੁੱਟ-ਭੱਜ ਗਿਆ ਸੀ। ਪਹਿਲੀ ਸਦੀ ਤੱਕ ਹੀ ਪੂਰਬੀ ਰੋਮਨ ਜਾਂ ਬਿਜਨਾਟਾਈਨ ਸਾਮਰਾਜ ਤਾਂ ਭਾਵੇਂ 6ਵੀਂ ਸਦੀ ਤੱਕ ਕਾਇਮ ਰਿਹਾ। ਇਸੇ ਸਮੇਂ ਚੀਨ ਤੋਂ ਸਿੱਖ ਕੇ ਪੂਰਬੀ ਰੋਮਨਾਂ ਨੇ ਰੇਸ਼ਮ ਦੇ ਕੀੜੇ ਪਾਲਣਾ ਸ਼ੁਰੂ ਕੀਤੇ। ਇਨ੍ਹਾਂ ਰਾਹੀਂ ਰੇਸ਼ਮੀ ਕੀੜੇ ਗੁਜਰਾਤ ਤੇ ਮੱਧ ਪ੍ਰਦੇਸ਼ ਵਿਚ ਦਾਖਲ ਹੋ ਗਏ। ਦੱਖਣੀ ਭਾਰਤ ਦੇ ਪੂਰਬੀ ਹਿੱਸੇ ਨੇ ਦੱਖਣ-ਪੂਰਬ ਏਸ਼ੀਆ ਦੇ ਦੇਸ਼ਾਂ ਨਾਲ ਵਿਉਪਾਰਕ ਸੰਬੰਧ ਸਥਾਪਤ ਕੀਤੇ। ਫਿਰ ਵੀ ਅਸਰ ਅਧੂਰਾ ਹੀ ਰਿਹਾ ਅਤੇ ਆਰਥਿਕ ਵਿਕਾਸ ਬਹੁਤ ਜਿਆਦਾ ਨਹੀਂ ਸੀ ਹੋ ਸਕਿਆ।

ਵਪਾਰ ਘਟਣ ਕਾਰਨ ਸ਼ਹਿਰਾਂ ਦਾ ਪਤਨ ਆਰੰਭ ਹੋਇਆ। ਕਲਾ ਅਤੇ ਹੁਨਰ ਜਾਂ ਤਕਨੀਕੀ ਕਾਰਜਾਂ ਦਾ ਪੇਂਡੂਕਰਨ ਹੋ ਗਿਆ। ਦਿੱਲੀ ਜਾਂ ਮਹਿਰੌਲੀ ਵਿਖੇ ਲੋਹੇ ਦਾ ਸਤੰਭ ਸੰਕੇਤ ਤਾਂ ਕਰਦਾ ਹੈ ਕਿ ਕਾਰੀਗਰਾਂ ਨੇ ਮਹੱਤਵਪੂਰਨ ਕਾਰਜ ਕੀਤੇ। ਚਾਂਦੀ ਦੇ ਸਿੱਕਿਆਂ ਦੀ ਘਾਟ ਗੁਪਤ ਕਾਲ ਤੋਂ ਸ਼ੁਰੂ ਹੋ ਚੁੱਕੀ ਸੀ। ਇਸੇ ਤਰ੍ਹਾਂ ਹੀ ਸਮਾਜ ਅੰਦਰ ਜਾਤੀ ਵੰਡ ਹੋਰ ਡੂੰਘੀ ਹੋ ਗਈ। ਕਿਹਾ ਜਾਣ ਲੱਗਾ ਕਿ ਇਕ ਬ੍ਰਾਹਮਣ ਕੋਲ 5 ਕਮਰਿਆਂ ਵਾਲਾ ਘਰ, ਖੱਤਰੀ ਪਾਸ 4 ਕਮਰਿਆਂ ਵਾਲਾ, ਵੈਸ਼ ਪਾਸ ਤਿੰਨ ਕਮਰਿਆਂ ਵਾਲਾ ਅਤੇ ਸ਼ੂਦਰ ਪਾਸ ਕੇਵਲ 2 ਕਮਲਿਆਂ ਵਾਲਾ ਘਰ ਹੀ ਹੋਵੇਗਾ। ਬ੍ਰਾਹਮਣ ਕਿਸੇ ਵੀ ਸ਼ੂਦਰ ਘਰ ਖਾ-ਪੀ ਨਹੀਂ ਸਕਦੇ ਸਨ। ਸ਼ੂਦਰ ਤਾਂ ਜਾਇਦਾਦ ਵੀ ਨਹੀਂ ਰੱਖ ਸਕਦੇ ਸਨ। ਸ਼ੂਦਰਾਂ ਅਤੇ ਅਛੂਤਾਂ ਅੰਦਰ ਵੀ ਵਖਰੇਵਾਂ ਕੀਤਾ ਗਿਆ। ਮਹਾਂਭਾਰਤ ਇਸ ਕਰਕੇ ਬ੍ਰਾਹਮਣ ਅਤੇ ਖੱਤਰੀ ਦੇ ਜੋੜ ਨੂੰ ਮੰਨਦੀ ਹੈ ਪਰ ਇਹ ਸ਼ੂਦਰਾਂ ਅਤੇ ਵੈਸ਼ਾਂ ਦੇ ਤਾਂ ਉਲਟ ਹੈ। *ਅਨੁਸਥਾਨ ਪਰਵ,* ਜੋ ਕਿ ਮਹਾਂਭਾਰਤ ਦਾ ਅੰਗ ਹੈ, ਮੰਨਦਾ ਹੈ ਕਿ ਸ਼ੂਦਰ ਹੀ ਬਾਦਸ਼ਾਹ ਨੂੰ ਖਤਮ ਕਰਦੇ ਹਨ। ਇਕ ਹੋਰ ਸਮਕਾਲੀ ਲਿਖਤ ਸ਼ੂਦਰਾਂ ਨੂੰ ਵਿਰੋਧੀ, ਹਿੰਸਕ, ਸ਼ੇਖੀਮਾਰ, ਤੰਗ ਨਜ਼ਰੀਏ ਵਾਲੇ, ਝੂਠ ਬੋਲਣ ਵਾਲੇ, ਅੱਤ ਦੇ ਲਾਲਚੀ, ਸੁਸਤ ਅਤੇ ਅਪਵਿੱਤਰ ਆਖਦੀ ਹੈ।

ਹਕੂਮਤ ਕਰਦੇ ਵਰਗਾਂ ਨੇ ਧਰਮ ਦਾ ਇਸਤੇਮਾਲ ਸਿਰਫ ਸਮਾਜਿਕ ਵੰਡ ਬਣਾਈ ਰੱਖਣ ਵਾਸਤੇ ਕੀਤਾ। *ਗੀਤਾ* ਰਾਹੀਂ ਕ੍ਰਿਸ਼ਨ ਨੇ ਵੈਸ਼ਾਂ, ਸ਼ੂਦਰਾਂ ਅਤੇ ਔਰਤਾਂ ਨੂੰ ਹੇਠਲੀਆਂ ਸ਼੍ਰੇਣੀਆਂ ਆਖਿਆ ਹੈ। ਵਿਸ਼ਨੂਵਾਦ ਅਤੇ ਸ਼ਿਵ ਪੂਜਾ ਕਰਕੇ ਇਹ ਧਾਰਨਾ ਤਾਂ ਹੋਰ ਮਜ਼ਬੂਤ ਹੋਈ ਹੈ। ਮਹਾਂਭਾਰਤ ਅਨੁਸਾਰ ਸ਼ੂਦਰ ਮੁਕਤੀ ਤਾਂ ਹੀ ਹਾਸਲ ਕਰਨਗੇ ਜੇਕਰ ਉਹ ਬ੍ਰਾਹਮਣਾਂ ਅਤੇ ਖੱਤਰੀਆਂ ਦੀ ਸੇਵਾ ਕਰਨ। ਕਰਮਾਂ ਦੀ ਮਾਰ ਸਿਧਾਂਤ ਅਨੁਸਾਰ ਸ਼ੂਦਰ ਕੇਵਲ ਦੂਸਰੇ ਜਨਮ ਰਾਹੀਂ ਹੀ ਬ੍ਰਾਹਮਣ ਬਣ ਸਕਦਾ ਹੈ। ਕਰਮ ਤੋਂ ਭਾਵ ਕਾਰਜ ਜਾਂ ਪੇਸ਼ਾ ਹੈ। ਇਹ ਬੀਜ ਵਾਂਗ ਦਬਿਆ ਹੋਣ ਕਰਕੇ ਦੇਰ ਬਾਅਦ ਫੁੱਟਦਾ ਜਾਂ ਪੁੰਗਰਦਾ ਹੈ। ਕਰਮ ਸਿਧਾਂਤ ਬਗਾਵਤ ਜਾਂ ਇਨਕਲਾਬ ਦਾ ਵਿਰੋਧ ਕਰਦਾ ਹੈ। ਇੰਝ ਦੁੱਖਾਂ ਦਾ ਕੋਈ ਇਲਾਜ ਨਹੀਂ ਮੰਨਿਆ ਗਿਆ ਹੈ।

ਗੁਪਤਾ ਕਾਲ ਅੰਦਰ *ਗੀਤਾ,* ਵਿਸ਼ਨੂਵਾਦ ਅਤੇ ਸ਼ਿਵਵਾਦ ਨੇ ਭਗਤੀ ਵੱਲ ਇਸ਼ਾਰਾ ਕੀਤਾ ਸੀ। ਕੁਰਬਾਨੀ ਦੀ ਥਾਂ ਦੇਵਤੇ ਦੀ ਪੂਜਾ ਕਰਕੇ ਪਰਮਾਤਮਾ ਮਿਲ ਜਾਵੇਗਾ, ਭਗਤੀ ਦਾ ਵਿਸ਼ਵਾਸ ਸੀ। ਭਗਤੀ ਦੀ ਇਸ ਭਾਵਨਾ ਨੇ ਮਹਾਂਯਾਨ ਬੁੱਧ ਧਰਮ ਨੂੰ ਵੀ ਪ੍ਰਭਾਵਿਤ ਕੀਤਾ ਸੀ। ਹੌਲੀ-ਹੌਲੀ ਇਸ ਭਗਤੀ ਭਾਵਨਾ ਨੇ

ਦੇਵਤਿਆਂ ਦੀ ਲੰਮੀ ਕਤਾਰ ਨੂੰ ਜਨਮ ਦਿੱਤਾ ਸੀ। ਇਹ ਥਿਊਰੀ ਆਫ਼ ਇਨਕਰਨੇਸ਼ਨ ਸੀ। 39 ਅਵਤਾਰਾਂ ਦੀ ਇਸ ਸੂਚੀ ਵਿਚ ਕੁਝ ਹੇਠ ਲਿਖੇ ਅਵਤਾਰੀ ਸਨ : (ੳ) ਮਤਸੀਆ ਜਾਂ ਮੱਛੀ (ਅ) ਕੁਰਮਾ ਜਾਂ ਕਛੂ (ੲ) ਨਰਸਿਮਹਾ ਸ਼ੇਰ-ਮਨੁੱਖ (ਸ) ਵਾਮਨ ਜਾਂ ਬੌਣਾ (ਹ) ਪਰਸ਼ਰਾਮ, ਰਾਮ, ਕ੍ਰਿਸ਼ਨ, ਬੁੱਧ ਅਤੇ ਕਾਲਕੀ। ਵਾਯੂ ਪੁਰਾਨ ਵਿਚਲੀ ਲਿਸਟ ਭਿੰਨ ਹੈ। ਇਹ ਵਿਸ਼ਨੂੰ ਦੀ ਤਾਰੀਫ਼ ਕਰਦਾ ਹੈ। ਇਸ ਨੇ ਕਲਯੁਗ ਅੰਦਰ ਮਲੇਛਾਂ ਨੂੰ ਖਤਮ ਕਰਕੇ ਧਰਮ ਬਚਾਉਣਾ ਸੀ। ਇਸ ਤਰ੍ਹਾਂ ਅਵਤਾਰਵਾਦ ਪ੍ਰਫੁੱਲਤ ਹੁੰਦਾ ਰਿਹਾ।

ਗੁਪਤ ਕਾਲ ਵਿਚ ਹੀ ਦੇਵੀਆਂ, ਖਾਸ ਕਰਕੇ ਮਾਂ-ਦੇਵੀ ਦੀ ਪੂਜਾ ਹੋਣ ਲੱਗੀ। ਸ੍ਰੀ ਲਕਸ਼ਮੀ ਤਾਂ ਸ਼ਕਤੀ, ਅਮੀਰੀ ਅਤੇ ਪ੍ਰਸਿੱਧੀ ਦਾ ਚਿੰਨ੍ਹ ਬਣ ਗਈ। ਇੰਝ ਹੀ ਪਾਰਵਤੀ ਅਤੇ ਸ਼ਿਵ ਦੀਆਂ ਕਹਾਣੀਆਂ ਘੜੀਆਂ ਗਈਆਂ ਸਨ। ਇਸੇ ਤੋਂ ਸ਼ਕਤੀ ਦੀ ਪੂਜਾ ਹੋਣ ਲੱਗੀ। ਵਿਸ਼ਨੂੰ ਦੀ ਪੂਜਾ ਵਧਣ ਕਰਕੇ ਚੰਦਰਗੁਪਤ ਦੂਜੇ ਦੇ ਸਮੇਂ ਬਾਦਸ਼ਾਹ ਵੀ ਵਿਸ਼ਨੂੰ ਦਾ ਅਵਤਾਰ ਮੰਨ ਲਿਆ ਗਿਆ ਸੀ। ਬਾਦਸ਼ਾਹੀ ਦਾ ਇਹ ਨਵਾਂ ਬਿੰਬ ਗਰੀਬਾਂ ਲਈ ਤਾਂ ਗ਼ੁਲਾਮੀ ਦਾ ਸਾਧਨ ਹੀ ਸੀ। ਬਹੁਤ ਸਾਰੇ ਲੇਖਕ ਗੁਪਤ ਕਾਲ ਨੂੰ ਹਿੰਦੂ ਪੁਨਰ-ਜਾਗਰਤੀ ਦਾ ਪਿਰੀਅਡ ਆਖਦੇ ਹਨ। ਪਰੰਤੂ ਇਹ ਸੱਚ ਨਹੀਂ ਹੈ। ਗੁਪਤ ਕਾਲ ਦੀ ਸਭ ਤੋਂ ਵੱਡੀ ਪ੍ਰਾਪਤੀ ਤਾਂ ਬੁੱਧ ਦੀਆਂ ਸਾਰਨਾਥ ਵਾਲੀਆਂ ਤਸਵੀਰਾਂ ਹਨ। ਇਸ ਤੋਂ ਬਿਨਾਂ ਇਸੇ ਸਮੇਂ ਆਰੀਆ ਭੱਟ ਅਤੇ ਵਾਰਾਹਮੀਹਰਾ ਵਰਗੇ *ਐਸਟਰੋਨੋਮੀਕਲ* ਵਿਗਿਆਨੀ ਵੀ ਹੋਏ ਹਨ। ਹਾਲਾਂਕਿ ਦੂਸਰੇ ਵਿਗਿਆਨੀ ਉੱਪਰ ਤਾਂ ਰੋਮਨ ਪ੍ਰਭਾਵ ਵੀ ਨਜ਼ਰ ਆਉਂਦਾ ਹੈ। ਹਾਂ, ਇਸੇ ਕਾਲ ਦੀਆਂ ਸਰਵੋਤਮ ਲਿਖਤਾਂ ਕਾਲੀਦਾਸ ਦੀਆਂ ਹਨ ਜਾਂ ਫਿਰ ਕੁਝ ਨਵੇਂ ਪੁਰਾਣ ਹਨ ਜੋ ਕਿ ਬ੍ਰਾਹਮਣਵਾਦ ਦੀ ਵਧ ਰਹੀ ਸ਼ਕਤੀ ਦਾ ਇਸ਼ਾਰਾ ਕਰਦੇ ਸਨ। ਸ਼ਬਦ ਹਿੰਦੂ ਵੀ ਸਾਨੂੰ ਗੁਪਤ ਕਾਲ ਨਹੀਂ ਸਗੋਂ ਅਰਬ ਲੇਖਕਾਂ ਨੇ ਮਗਰੋਂ ਦਿੱਤਾ ਹੈ। ਪ੍ਰਾਚੀਨ ਭਾਰਤੀਆਂ ਨੇ ਕਦੇ ਵੀ ਆਪਣੇ ਆਪ ਨੂੰ ਹਿੰਦੂ ਨਹੀਂ ਸੀ ਲਿਖਿਆ। ਪੁਨਰ ਜਾਗਰਣ ਬਿਲਕੁਲ ਹਿੰਦੂ ਜਾਗਰਣ ਨਹੀਂ ਸੀ। ਸ਼ਕਾਂ ਅਤੇ ਹੂਣਾਂ ਵਿਰੁੱਧ ਲੜਨ ਕਾਰਨ ਅਸੀਂ ਗੁਪਤਾ ਕਾਲ ਨੂੰ ਰਾਸ਼ਟਰਵਾਦ ਦਾ ਜਨਮ ਵੀ ਮੰਨ ਲੈਂਦੇ ਹਾਂ। ਪਰ ਕੋਈ ਵੀ ਗੁਪਤਾ ਹੁਕਮਰਾਨ ਤੇ ਉਸ ਦਾ ਵੇਰਵਾ ਸੰਸਕ੍ਰਿਤ ਭਾਸ਼ਾ ਵਿਚ ਨਹੀਂ ਮਿਲਦਾ। ਹਾਂ, ਉਹ ਪੁਰਾਣਾਂ ਵਿਚ ਜ਼ਰੂਰ ਮਿਲਦੇ ਹਨ। ਇੰਝ ਗੁਪਤਿਆਂ ਦੀ ਸਫਲਤਾ ਰਾਸ਼ਟਰਵਾਦ ਕਰਕੇ ਨਹੀਂ ਸਗੋਂ ਇਸ ਦਾ ਦੁਬਾਰਾ ਸਰਗਰਮ ਹੋਣਾ ਅੱਜਕੱਲ੍ਹ ਜ਼ਰੂਰ ਗੁਪਤਿਆਂ ਰਾਹੀਂ ਹੋ ਰਿਹਾ ਹੈ।

ਭਾਰਤੀ ਇਤਿਹਾਸਕਾਰਾਂ ਨੇ ਗੁਪਤਾ ਕਾਲ ਨੂੰ ਸੁਨਹਿਰੀ ਯੁੱਗ ਵਜੋਂ ਵੀ ਪੇਸ਼ ਕੀਤਾ ਹੈ। ਕਈ ਜਿਲਦਾਂ ਰਾਹੀਂ ਲਿਖੀ ਕਿਤਾਬ ਰਾਹੀਂ ਸਾਨੂੰ ਪਛਤਾਵੇ ਦੇ ਰੂਪ 'ਚ ਦੱਸਿਆ ਜਾਂਦਾ ਹੈ ਕਿ 'ਜੀਵਨ ਕਦੇ ਵੀ ਖੁਸ਼ੀ ਵਾਲਾ ਨਹੀਂ ਸੀ' ਅਤੇ ਦੇਸ਼ ਦੇ ਕਈ ਭਾਗਾਂ ਵਿਚ ਸਰਫਡਮ ਫੈਲਣ ਨਾਲ ਕਿਸਾਨੀ ਬਰਬਾਦ ਹੋਈ ਸੀ। ਔਰਤਾਂ ਤਾਂ ਇਕ ਜਾਇਦਾਦ ਦਾ ਹੀ ਹਿੱਸਾ ਬਣ ਚੁੱਕੀਆਂ ਸਨ। ਉਹ ਮਰਦਾਂ ਦੇ ਮਤਾਹਿਤ ਰਹਿੰਦੀਆਂ ਸਨ ਭਾਵੇਂ ਕਿ ਸਾਹਿਤ, ਕਲਾ ਅਤੇ ਸਭਿਆਚਾਰ ਨੇ ਉਨ੍ਹਾਂ ਦੀ ਮਹਿਮਾ ਵੀ ਕੀਤੀ ਸੀ। ਕਾਨੂੰਨ ਤੇ ਅਦਾਲਤਾਂ ਵੀ ਉੱਚੀ ਜਾਤੀਆਂ ਲਈ ਕਾਰਜ ਕਰਦੇ ਸਨ। ਚੀਨ ਤੋਂ ਆਇਆ ਬੋਧੀ ਵਿਦਵਾਨ ਫਾਹਯਾਨ ਸੀ ਤੇ ਉਸ ਅਨੁਸਾਰ ਚੰਦਰਗੁਪਤ ਦੂਜੇ ਵੇਲੇ ਲੋਕ ਖੁਸ਼ ਸਨ ਪਰ ਇਹ ਖੁਸ਼ੀ ਬ੍ਰਾਹਮਣਾਂ ਤੇ ਖੱਤਰੀਆਂ ਤੱਕ ਸੀਮਤ ਸੀ, ਹੇਠਲੀਆਂ ਜਾਤੀਆਂ ਨਾ ਤਾਂ ਅਮੀਰ ਸਨ ਤੇ ਨਾ ਹੀ ਖੁਸ਼। ਇਸ ਵਿਦਵਾਨ ਨੇ ਚੰਡਾਲਾਂ ਦੇ ਬੁਰੇ ਹਾਲ ਦਾ ਜ਼ਿਕਰ ਵੀ ਕੀਤਾ ਹੈ। ਅਛੂਤਾਂ ਦਾ ਮਾੜਾ ਹਾਲ ਸੀ। ਹੁਕਮਰਾਨ ਤਾਂ ਧਰਮ ਦਾ ਇਸਤੇਮਾਲ ਵੀ ਜਾਤੀਆਂ ਦਾ ਸਿਲਸਿਲਾ ਚਾਲੂ ਰੱਖਣ ਲਈ ਕਰਦੇ ਸਨ। ਵੈਸੇ ਵੀ ਅਮੀਰਾਂ ਲਈ ਤਾਂ ਇਤਿਹਾਸ ਦਾ ਹਰੇਕ ਯੁੱਗ ਹੀ ਸੁਨਹਿਰੀ ਹੁੰਦਾ ਹੈ।

ਪਾਠ ਨੰ -2.3 ਲੇਖਕ : ਨਾਜ਼ਰ ਸਿੰਘ ਸੈਕਸ਼ਨ : ਬੀ

# ਹਰਸ਼ਵਰਧਨ : ਜਿੱਤਾਂ,ਰਾਜਨੀਤਕ ਸਬੰਧ,ਸਾਹਿਤ ਅਤੇ ਸਿੱਖਿਆ

**ਪਾਠ ਦੀ ਬਣਤਰ :**

**ਉਦੇਸ਼**

**ਜਾਣ ਪਛਾਣ (Introduction)**

**ਰਾਜਨੀਤਕ ਦਸ਼ਾ ਜਾਂ ਦ੍ਰਿਸ਼ (ਹੂਣ, ਮਾਲਵਾ, ਲੇਟਰ ਗੁਪਤੇ, ਮੌਖਾਰੀ, ਵੱਲਭੀ)**

**ਥਾਨੇਸਰ ਰਾਜ ਸੰਬੰਧੀ ਸੋਮੇ (ਹਿਊਂਸਾਂਗ ਦੇ ਵਿਵਰਨ ਹਰਸ਼ ਸੰਬੰਧੀ, ਰਾਜ ਪ੍ਰਬੰਧ ਅਤੇ ਸਮਾਜ ਸੰਬੰਧੀ)**

**ਧਰਮ, ਭਾਸ਼ਾ ਅਤੇ ਸਿੱਖਿਆ**

**ਬਾਣ ਭੱਟ, ਹਰਸ਼ ਦੀਆਂ ਲਿਖਤਾਂ ਤੇ ਅਭਿਲੇਖ**

**ਜਿੱਤਾਂ ਅਤੇ ਸਾਮਰਾਜ ਦੀਆਂ ਹੱਦਾਂ**

**ਸ਼ਾਸਨ ਪ੍ਰਬੰਧ ਅਤੇ ਇਕਾਈਆਂ**

**ਸਾਹਿਤ, ਸਿੱਖਿਆ ਅਤੇ ਧਰਮ**

**ਕਨੌਜ ਤੇ ਪ੍ਰਯਾਗ ਦੀਆਂ ਸਭਾਵਾਂ**

**ਤਕਨੀਕੀ ਸ਼ਬਦ ਅਤੇ ਸੰਕਲਪ**

**ਛੋਟੇ ਪ੍ਰਸ਼ਨ ਅਤੇ ਲੰਮੇ ਪ੍ਰਸ਼ਨ**

**ਪੁਸਤਕ ਸੂਚੀ**

## ਉੱਦੇਸ਼ :

ਇਹ ਪਾਠ ਤੁਹਾਨੂੰ ਹੇਠ ਲਿਖਿਆਂ ਕਾਰਜਾਂ ਲਈ ਯੋਗ ਬਣਾਏਗਾ :

1) ਗੁਪਤ ਸਾਮਰਾਜ ਦੇ ਪਤਨ ਉਪਰੰਤ ਉੱਤਰੀ ਭਾਰਤੀ ਰਾਜਨੀਤਕ ਦ੍ਰਿਸ਼ ਦਾ ਵਿਸ਼ਲੇਸ਼ਣ।

2) ਹਰਸ਼-ਵਰਧਨ ਦੇ ਜੀਵਨ ਅਤੇ ਪ੍ਰਾਪਤੀਆਂ ਦਾ ਲੇਖਾ-ਜੋਖਾ।

3) ਸੱਤਵੀਂ ਸਦੀ ਈਸਵੀ ਵਿਚ ਭਾਰਤੀ ਸਾਹਿਤ, ਕਲਾ ਅਤੇ ਸਿੱਖਿਆ ਬਾਰੇ ਵਧੇਰੇ ਆਲੋਚਨਾਤਮਕ ਦ੍ਰਿਸ਼ਟੀਕੋਣ

## ਜਾਣ-ਪਛਾਣ :

ਹਰਸ਼ਵਰਧਨ (606-647) ਵਰਧਨ ਖਾਨਦਾਨ ਦਾ ਸਭ ਤੋਂ ਸ਼ਕਤੀਸਾਲੀ ਰਾਜਾ ਸੀ। ਵਰਧਨ ਵੰਸ਼ ਥਾਨੇਸਰ ਨਾਲ ਸੰਬੰਧਤ ਸੀ। ਹਰਸ਼ ਨੇ ਰਾਜਵਰਧਨ ਦੀ ਮੌਤ ਪਿੱਛੋਂ ਥਾਨੇਸਰ ਦੀ ਗੱਦੀ ਸੰਭਾਲੀ ਪਰੰਤੂ ਛੇਤੀ ਹੀ ਉਸ ਨੇ ਆਪਣੀ ਰਾਜਧਾਨੀ ਬਦਲ ਲਈ ਅਤੇ ਕਨੌਜ ਉਸ ਦੀ ਰਾਜਧਾਨੀ ਬਣ ਗਿਆ। ਕਨੌਜ ਦਾ ਰਾਜ ਉਸ ਦੀ ਭੈਣ ਤੇ ਜੀਜੇ ਦਾ ਰਾਜ ਸੀ। ਹਰਸ਼ ਨੇ ਅਨੇਕਾਂ ਸ਼ਕਤੀਆਂ ਤੇ ਰਾਜਾਂ ਨੂੰ ਜਿੱਤਿਆ। ਉਸ ਦੀਆਂ ਜਿੱਤਾਂ ਅਤੇ ਰਾਜ ਪ੍ਰਬੰਧ ਬਾਰੇ ਅਨੇਕਾਂ ਇਤਿਹਾਸਕ ਸੋਮੇ ਪ੍ਰਾਪਤ ਹਨ। ਸਭ ਤੋਂ ਮਹੱਤਵਪੂਰਨ ਸੋਮਾ ਚੀਨੀ ਯਾਤਰੀ ਹਿਊਂਸਾਂਗ ਦਾ ਬਿਰਤਾਂਤ ਸੀ। ਹਰਸ਼ ਆਪ ਵੀ ਚੰਗਾ ਲਿਖਾਰੀ ਸੀ। ਉਸ ਨੇ ਅਨੇਕਾਂ ਵਿਦਵਾਨਾਂ ਨੂੰ ਅਤੇ ਸਿੱਖਿਆ ਸੰਸਥਾਵਾਂ ਨੂੰ ਸਰਪ੍ਰਸਤੀ ਦਿੱਤੀ।

ਹਰਸ਼ ਬਹੁਤ ਮਿਹਨਤੀ ਤੇ ਬਹਾਦਰ ਹੁਕਮਰਾਨ ਸੀ। ਪੱਕਾ ਬੋਧੀ ਹੋਣ ਦੇ ਬਾਵਜੂਦ ਉਸ ਵਿਚ ਧਾਰਮਿਕ ਸਹਿਨਸ਼ੀਲਤਾ ਸੀ। ਉਸ ਪਾਸ ਵੱਡੀ ਸੈਨਾ ਅਤੇ ਅਨੇਕਾਂ ਯੋਗ ਸ਼ਾਸਕ ਸਨ। 647 ਈ. ਵਿਚ ਉਸ ਦੀ ਮੌਤ ਕਾਰਨ ਉੱਤਰੀ ਭਾਰਤ ਦੇ ਇਤਿਹਾਸ ਦੀ ਏਕਤਾ ਵੀ ਟੁੱਟ ਗਈ ਅਤੇ ਇਹ ਆਪਣੇ ਮੱਧ ਕਾਲ ਵੱਲ ਵਧਣ ਲੱਗਿਆ। ਇਸ ਟੁੱਟ-ਭੱਜ ਨੇ ਹਰਸ਼ ਨੂੰ ਹੋਰ ਵੀ ਮਹਾਨ ਬਣਾ ਦਿੱਤਾ।

475 ਈ. ਤੋਂ ਪਿਛੋਂ ਵਿਸ਼ਾਲ ਗੁਪਤ ਸਾਮਰਾਜ ਆਪਣੇ ਪਤਨ ਵੱਲ ਵਧਣਾ ਸ਼ੁਰੂ ਹੋ ਗਿਆ। ਲਗਭਗ 550 ਈ. ਤੱਕ ਇਸ ਦਾ ਪਤਨ ਹੋ ਗਿਆ। ਸਾਮਰਾਜ ਦੀ ਇਸ ਟੁੱਟ-ਭੱਜ ਨੇ ਅਨੇਕਾਂ ਸੁਤੰਤਰ ਰਾਜਾਂ ਨੂੰ ਜਨਮ ਦਿੱਤਾ। ਇਨ੍ਹਾਂ ਨਵੇਰਾਜਾਂ ਵਿਚ ਪਹਿਲੀ ਸ਼੍ਰੇਣੀ ਉਨ੍ਹਾਂ ਸ਼ਕਤੀਆਂ ਦੀ ਸੀ ਜਿਹੜੀਆਂ ਗੁਪਤ ਰਾਜਿਆਂ ਵੱਲੋਂ ਜਿੱਤ ਕੇ ਆਪਣੇ ਮਤਾਹਿਤ ਰੱਖੀਆਂ ਸਨ। ਇਹ ਸ਼ਕਤੀਆਂ ਜਾਂ ਰਾਜ ਸਨ :

(1) ਪਿਛਲੇਰੇ ਗੁਪਤ ਰਾਜੇ (2) ਮੌਖਾਰੀ ਵੰਸ਼ (3) ਮੈਤਰੇਕ (The Maitrakas)

ਇਨ੍ਹਾਂ ਤੋਂ ਇਲਾਵਾ ਨੇਪਾਲ, ਬੰਗਾਲ, ਅਸਾਮ ਅਤੇ ਉੜੀਸਾ ਦੇ ਰਾਜ ਸਨ। ਇਨ੍ਹਾਂ ਸਾਰਿਆਂ ਵਿਚੋਂ ਕੋਈ ਵੀ ਸ਼ਕਤੀ ਅਜਿਹੀ ਨਹੀਂ ਸੀ ਜੋ ਦੂਸਰੀਆਂ ਨੂੰ ਹਰਾ ਕੇ ਰਾਜਨੀਤਕ ਏਕਤਾ ਸਥਾਪਤ ਕਰ ਸਕਦੀ। ਰਾਜਨੀਤਕ ਏਕਤਾ ਵੱਲ ਇਹ ਸ਼ੁਰੂਆਤ ਹਰਸ਼ ਵਰਧਨ ਨੇ ਸੱਤਵੀਂ ਸਦੀ ਦੇ ਸ਼ੁਰੂ ਵਿਚ ਕੀਤੀ। ਹਰਸ਼ ਵਰਧਨ ਦੀ ਇਸ ਪ੍ਰਾਪਤੀ ਦੀ ਮਹਾਨਤਾ ਨੂੰ ਅਸੀਂ ਉਸ ਵੇਲੇ ਦੀ (475-600) ਰਾਜਸੀ ਦਸ਼ਾ ਰਾਹੀਂ ਵਧੇਰੇ ਚੰਗੀ ਤਰ੍ਹਾਂ ਵੇਖ ਸਕਦੇ ਹਾਂ।

## ਰਾਜਨੀਤਕ ਦਸ਼ਾ :

ਉਸ ਸਮੇਂ ਦੇ ਰਾਜਨੀਤਕ ਦ੍ਰਿਸ਼ ਦੀਆਂ ਹੇਠ ਲਿਖੀਆਂ ਖੂਬੀਆਂ ਸਨ :

### ਹੂਣ ਜਾਂ ਹਣ (The Hunas or the Huns) :

ਗੁਪਤ ਸਾਮਰਾਜ ਨੂੰ ਵੱਡੀ ਸੱਟ ਉਨ੍ਹਾਂ ਧਾੜਵੀ ਟੋਲਿਆਂ ਨੇ ਮਾਰੀ ਜਿਹੜੇ ਕੇਂਦਰੀ ਏਸ਼ੀਆ ਵੱਲੋਂ ਆਏ। ਇਹ ਉਨ੍ਹਾਂ ਹੀ ਉੱਤਰ-ਪੱਛਮੀ ਦਰ੍ਰਿਆਂ ਰਾਹੀਂ ਘੁਸੇ ਜਿਨ੍ਹਾਂ ਰਾਹੀਂ ਸ਼ਕ ਅਤੇ ਯੂਹ-ਚੀਂ ਆਏ ਸਨ। ਅਜਿਹੇ ਪਿਛਲੇਰੇ ਅਤੇ ਗੈਰ-ਸਭਿਅਕ ਟੋਲਿਆਂ ਨੂੰ ਭਾਰਤੀ ਇਤਿਹਾਸ ਵਿਚ ਹੂਣ ਜਾਂ ਹਣ ਆਖਿਆ ਗਿਆ ਹੈ। ਚਿੱਟੇ ਹੂਣਾਂ ਨੇ ਪੰਜਵੀਂ ਸਦੀ ਈਸਵੀ ਵਿਚ ਆਕਸ਼ਿਸ ਵਾਦੀ ਵਿਚ ਪੈਰ ਜਮਾਏ ਅਤੇ 484 ਈ. ਵਿਚ ਈਰਾਨ ਅਤੇ ਕਾਬਲ ਉੱਪਰ ਕਬਜਾ ਕਰ ਲਿਆ। ਇਸ ਤੋਂ ਪਹਿਲਾਂ 455 ਈ. ਨੂੰ ਗੁਪਤ ਇਲਾਕਿਆਂ ਉੱਪਰ ਉਨ੍ਹਾਂ ਦਾ ਪਹਿਲਾ ਹਮਲਾ ਬੇਅਸਰ ਕੀਤਾ ਗਿਆ ਸੀ, ਪਰੰਤੂ ਈਰਾਨ ਤੇ ਅਫਗਾਨਿਸਤਾਨ ਵਿਚ ਉਨ੍ਹਾਂ ਦੀ ਸਫਲਤਾ ਨੇ ਭਾਰਤ ਵੱਲ ਉਨ੍ਹਾਂ ਦਾ ਹੜ੍ਹ ਲਿਆਂਦਾ। ਅਨੇਕਾਂ ਇਲਾਕਿਆਂ ਨੂੰ ਜਿੱਤਦੇ ਹੋਏ ਉਹ ਤੋਰਾਮਾਨ ਦੀ ਕਮਾਨ ਹੇਠ 500 ਈ. ਦੇ ਲਗਭਗ ਮਾਲਵਾ ਖੇਤਰ ਵਿਚ ਪਹੁੰਚ ਗਏ। ਤੋਰਾਮਾਨ ਦਾ ਉੱਤਰ-ਅਧਿਕਾਰੀ ਤੇ ਪੁੱਤਰ ਮਿਹਰਗੁਲ ਸੀ ਜਿਸ ਦੀ ਰਾਜਧਾਨੀ ਪੰਜਾਬ ਵਿਚ ਸਿਆਲਕੋਟ ਸੀ। ਇਹ ਹੂਣ ਰਾਜ ਈਰਾਨ ਤੋਂ ਖੇਤਾਨ ਤੱਕ ਫੈਲਿਆ ਹੋਇਆ ਸੀ ਅਤੇ ਹੂਣਾਂ ਦੇ ਅਨੇਕਾਂ ਰਾਜਾਂ ਵਿਚੋਂ ਇਕ ਸੀ।

528 ਈ. ਨੂੰ ਹੂਣ ਸ਼ਕਤੀ ਨੂੰ ਭਾਰਤ ਦੇ ਵੱਡੇ ਹਿੱਸੇ ਵਿਚੋਂ ਖਤਮ ਕੀਤਾ ਗਿਆ। ਇਹ ਕਾਰਨਾਮਾ ਮਾਲਵੇ ਦੇ ਹੁਕਮਰਾਨ ਯਸੋਧਰਮਨ ਦੁਆਰਾ ਬਾਲਾਦਿੱਤਿਆ ਨਰਸਿਮਹਾ ਰਾਉ ਜਿਹੜਾ ਮਗਧ ਦਾ ਪਿਛਲੇਰਾ ਗੁਪਤ ਸ਼ਾਸਕ ਸੀ, ਦੀ ਸਹਾਇਤਾ ਨਾਲ ਕੀਤਾ। ਇਸ ਤੋਂ ਪਿਛੋਂ ਮਿਹਰਗੁਲ ਦਾ ਰਾਜ ਕਸ਼ਮੀਰ ਤੱਕ ਸੀਮਤ ਹੋ ਗਿਆ। ਛੇਵੀਂ ਸਦੀ ਦੇ ਅੱਧ ਤੱਕ ਕੇਂਦਰੀ ਏਸ਼ੀਆ ਵਿਚ ਹੂਣਾਂ ਨੂੰ ਤੁਰਕਾਂ ਨੇ ਹਰਾ ਦਿੱਤਾ।

## ਮਾਲਵੇ ਦਾ ਯਸੋਧਰਮਨ :

ਯਸੋਧਰਮਨ ਬਾਰੇ ਸਾਡੀ ਜਾਣਕਾਰੀ ਦਾ ਇਕਲੋਤਾ ਸੋਮਾ ਮੰਦਸੋਰ ਸ਼ਿਲਾਲੇਖ ਹੈ। ਲਗਦਾ ਹੈ ਉਸ ਦੇ ਵਡੇਰੇ ਗੁਪਤ ਸਮਰਾਟਾਂ ਦੇ ਮਤਾਹਿਤ ਸਨ। ਯਸੋਧਰਮਨ ਕਿੰਨਾ ਵੱਡਾ ਜੇਤੂ ਸੀ, ਬਹਿਸ ਦਾ ਵਿਸ਼ਾ ਹੈ। ਪਰੰਤੂ ਤੱਥ ਸੀ ਕਿ ਉਸ ਨੇ ਹੂਣਾਂ ਦੇ ਚੀਫ ਮਿਹਰਗੁਲ ਨੂੰ ਮਾਲਵੇ ਵਿਚੋਂ ਬਾਹਰ ਕੱਢਿਆ ਸੀ। ਜਾਹਿਰ ਹੈ ਉਹ ਗੁਪਤ ਸਾਮਰਾਜ ਦੀ ਕੀਮਤ ਉਪਰ ਸ਼ਕਤੀਸਾਲੀ ਬਣਿਆ ਅਤੇ ਇਹ 530-540 ਈ. ਦਰਮਿਆਨ ਵਾਪਰਿਆ।

## ਪਿਛਲੇਰੇ ਗੁਪਤ ਰਾਜੇ :

ਪਿਛਲੇਰੇ ਗੁਪਤ ਰਾਜੇ ਅਤੇ ਮੌਖਾਰੀ ਵੰਸ਼ ਦੋਵੇਂ ਹੀ ਲਗਭਗ 550 ਈ. ਵਿਚ ਗੁਪਤ ਸਾਮਰਾਜ ਤੋਂ ਆਜਾਦ ਹੋਏ। ਪਿਛਲੇਰੇ ਗੁਪਤ ਰਾਜਿਆਂ ਦੇ ਨਾਮ ਨਾਲ ਬੇਸ਼ੱਕ 'ਗੁਪਤ' ਨਾਮ ਲਗਦਾ ਹੈ ਅਤੇ ਉਹ ਮਗਧ ਉੱਪਰ ਹਕੂਮਤ ਕਰਦੇ ਰਹੇ ਪਰੰਤੂ ਇਹ ਸਾਮਰਾਜੀ ਗੁਪਤਿਆਂ ਤੋਂ ਬਿਲਕੁਲ ਵੱਖਰੇ ਸਨ। ਪਿਛਲੇਰੇ ਗੁਪਤਿਆਂ ਦੀ ਸੂਚੀ ਹੇਠ ਲਿਖੇ ਅਨੁਸਾਰ ਸੀ :

| | | | |
|---|---|---|---|
| (1) | ਕ੍ਰਿਸ਼ਨ ਗੁਪਤ | – | 490–505 ਈ. |
| (2) | ਹਰਸ਼ ਗੁਪਤ | – | 505–525 ਈ. |
| (3) | ਜਿਵੀਤਾ ਗੁਪਤ | – | 525–540 ਈ. |
| (4) | ਕੁਮਾਰ ਗੁਪਤ | – | 540–560 ਈ. |
| (5) | ਦਮੋਦਰਨ ਗੁਪਤ | – | ਮੌਖਾਰੀ ਹੁਕਮਰਾਨ ਖਿਲਾਫ ਯੁੱਧ ਵਿਚ ਮਾਰਿਆ ਗਿਆ |
| (6) | ਮਾਹੇਂਸਨ ਗੁਪਤ | – | ਚਾਲੂਕੀਆ ਰਾਜੇ ਕੀਰਤੀਵਰਮਨ (567–93 ਈ.) ਨੇ ਮਾਹੇਸਨ ਗੁਪਤ ਨੂੰ ਪੂਰਬ ਵੱਲ ਨਹੀਂ ਵਧਣ ਦਿੱਤਾ |
| (7) | ਮਾਧਵ ਗੁਪਤ | | |
| (8) | ਅਦਿਤਿਆ ਸੇਨ | – | 650–675 ਈ. |

## ਮੌਖਾਰੀ ਵੰਸ਼ (The Maukharis) :

ਮੌਖਾਰੀ ਵੰਸ਼ ਦੀਆਂ ਤਿੰਨ ਪ੍ਰਮੁੱਖ ਸ਼ਾਖਾਵਾਂ ਵਿਚੋਂ ਤੀਸਰੀ ਦਾ ਸੰਬੰਧ ਕਨੌਜ ਨਾਲ ਸੀ। ਦੂਸਰੀ ਗਯਾ ਨਾਲ ਸੰਬੰਧਤ ਸੀ ਅਤੇ ਪਹਿਲੀ ਬਹੁਤ ਹੀ ਪ੍ਰਾਚੀਨ ਸ਼ਾਖਾ ਸੀ। ਇਸ ਵੰਸ਼ ਦੇ ਪਹਿਲੇ ਪੰਜ ਰਾਜਿਆਂ ਦੇ ਨਾਮ ਸਨ (1) ਹਰੀਵਰਮਨ (2) ਅਦਿਤਵਰਮਨ (3) ਈਸ਼ਵਰਵਰਮਨ (4) ਸਰਵਰਮਨ ਅਤੇ ਅਵੰਤੀਵਰਮਨ। ਅਵੰਤੀ-ਵਰਮਨ ਜਿਹੜਾ ਕਿ ਪਰਭਾਕਰ ਵਰਧਨ ਦਾ ਸਮਕਾਲੀ ਸੀ, ਨੇ 585-600 ਈ. ਤੱਕ ਰਾਜ ਕੀਤਾ। ਅਵੰਤੀਵਰਮਨ ਦੇ ਉੱਤਰਾ-ਅਧਿਕਾਰੀ ਗ੍ਰਹਿਵਰਮਨ ਸਮੇਂ ਮੌਖਾਰੀ ਰਾਜ ਕਨੌਜ ਅਤੇ ਮਗਧ ਦੋ ਹਿੱਸਿਆਂ ਵਿਚ ਵੰਡਿਆ ਗਿਆ। 603-04 ਈ. ਨੂੰ ਗ੍ਰਹਿਵਰਮਨ ਦੀ ਸ਼ਾਦੀ ਪ੍ਰਭਾਕਰਵਰਧਨ ਦੀ ਬੇਟੀ ਰਾਜਸ਼ਿਰੀ ਨਾਲ ਹੋਣ ਕਾਰਨ ਮੌਖਾਰੀ ਅਤੇ ਥਾਨੇਸਰ ਦਾ ਵਰਧਨ ਵੰਸ਼ ਇਕੱਠੇ ਹੋ ਗਏ। ਇਸ ਕਾਰਨ ਪਿਛਲੇਰੇ ਗੁਪਤੇ ਕਨੌਜ ਦੇ ਵਿਰੁੱਧ ਹੋ ਗਏ ਅਤੇ ਮਾਲਵੇ ਦੇ ਦੇਵਗੁਪਤ ਨੇ ਠੀਕ ਉਸ ਸਮੇਂ ਜਦੋਂ ਪ੍ਰਭਾਕਰਵਰਧਨ ਮਰ ਚੁੱਕਾ ਸੀ, 606 ਈ. ਵਿਚ ਕਨੌਜ ਤੇ ਚੜ੍ਹਾਈ ਕਰ ਦਿੱਤੀ। ਗ੍ਰਹਿਵਰਮਨ ਦਾ ਕਤਲ ਕਰ ਦਿੱਤਾ ਗਿਆ ਤੇ ਰਾਜਸ਼ਿਰੀ ਨੂੰ ਕੈਦ ਵਿਚ ਸੁੱਟ ਦਿੱਤਾ।

ਮੌਖਾਰੀ ਪੱਕੇ ਬ੍ਰਾਹਮਣ ਸਨ ਅਤੇ ਉਨ੍ਹਾਂ ਨੇ ਅਜੋਕੇ ਉੱਤਰ-ਪ੍ਰਦੇਸ਼ ਅਤੇ ਮਗਧ ਦੇ ਵੱਡੇ ਹਿੱਸੇ ਉੱਪਰ ਰਾਜ ਕੀਤਾ।

## ਵਲਭੀ ਦੇ ਮੈਤਰੇਕ :

ਵਲਭੀ (ਨੇੜੇ ਭਵਨਗਰ - ਗੁਜਰਾਤ) ਰਾਜ ਦੀ ਸਥਾਪਨਾ ਬੁੱਧ ਗੁਪਤ ਸਮੇਂ (477-500 ਈ.) ਮੈਤਰੇਕ ਚੀਫ ਭਤਰਕਾ (Bhatarka) ਦੁਆਰਾ ਕੀਤੀ ਗਈ। ਸ਼ੁਰੂ ਦੇ ਦੋ ਮੁਖੀ 'ਸੈਨਾਪਤੀ' ਦੇ ਨਾਮ ਨਾਲ ਜਾਣੇ ਜਾਂਦੇ ਸਨ। ਦਰੋਣਾਸਿੰਗ ਪਹਿਲਾ ਮਹੱਤਵਪੂਰਨ 'ਮਹਾਰਾਜ' ਸੀ। ਉਸ ਨੇ 500-520 ਈ. ਤੱਕ ਰਾਜ ਕੀਤਾ। ਧਰੁਵਸੈਨ ਦੂਜਾ (ਬਾਲ ਦਿਤਿਆ) ਹਰਸ਼ ਵਰਧਨ ਦਾ ਸਮਕਾਲੀ ਸੀ। ਉਸ ਨੇ 629 ਈ. ਤੋਂ 640 ਈ. ਤੱਕ ਰਾਜ ਕੀਤਾ। ਉਸ ਨੇ ਹਰਸ਼ ਨੂੰ 632 ਈ. ਵਿਚ ਹਾਰ ਦਿੱਤੀ ਪਰੰਤੂ ਛੇਤੀ ਹੀ ਦੋਹਾਂ ਵਿਚ ਮਿੱਤਰਤਾ ਪੂਰਨ ਸੰਬੰਧ ਸਥਾਪਤ ਹੋ ਗਏ ਕਿਉਂਕਿ ਦੋਵੇਂ ਹੀ ਚਾਲੂਕੀਆ ਸ਼ਕਤੀ ਤੋਂ ਭੈਅ ਖਾਂਦੇ ਸਨ।

## ਥਾਨੇਸਰ ਦਾ ਰਾਜ : ਇਤਿਹਾਸਕ ਸੋਮੇ

ਵਰਧਨ ਵੰਸ਼ ਦੀ ਰਾਜਧਾਨੀ ਪੂਰਬੀ ਪੰਜਾਬ ਜਾਂ ਅਜੋਕੇ ਹਰਿਆਣਾ ਵਿਚ ਥਾਨੇਸਰ ਨਾਮ ਦੇ ਸਥਾਨ ਉੱਪਰ ਸੀ। ਹਰਸ਼ ਵਰਧਨ ਦੇ ਜੀਵਨ ਅਤੇ ਕਾਲ ਸੰਬੰਧੀ ਅਨੇਕਾਂ ਮਹੱਤਵਪੂਰਨ ਸੋਮੇ ਮਿਲਦੇ ਹਨ, ਜਿਵੇਂ ਕਿ

(1) ਹਿਊਂਸਾਂਗ ਦਾ ਬਿਰਤਾਂਤ

(2) ਬਾਣ ਭੱਟ ਰਚਿਤ ਹਰਸ਼ ਚਰਿੱਤਰ

(3) ਹਰਸ਼ ਵਰਧਨ ਦੀਆਂ ਆਪਣੀਆਂ ਲਿਖਤਾਂ

(4) ਤਾਮਰ–ਪੱਤਰ ਜਾਂ ਤਾਂਬੇ ਉੱਪਰ ਉਕਰੇ–ਅਭਿਲੇਖ

ਹੁਣ ਇਨ੍ਹਾਂ ਸਾਰਿਆਂ ਨੂੰ ਅਸੀਂ ਥੋੜਾ ਵਿਸਤਾਰ ਵਿਚ ਵੇਖਾਂਗੇ।

### ਹਿਊਂਸਾਂਗ :

ਹਿਊਂਸਾਂਗ ਜਾਂ ਯੂਆਨ ਚਵਾਂਗ ਇਕ ਚੀਨੀ ਤੇ ਬੋਧੀ ਯਾਤਰੀ ਸੀ। ਉਸ ਦਾ ਜਨਮ 600 ਈ. ਵਿਚ ਹੋਇਆ। ਭਾਰਤ ਵੱਲ ਉਸ ਦੀ ਯਾਤਰਾ 629 ਈ. ਨੂੰ ਸ਼ੁਰੂ ਹੋਈ ਅਤੇ ਇਸ ਦੇ ਤਿੰਨ ਮੰਤਵ ਸਨ : (ੳ) ਬੋਧੀ ਤੀਰਥ ਸਥਾਨਾਂ ਦੇ ਦਰਸ਼ਨ ਕਰਨੇ; (ਅ) ਬੋਧੀ ਗ੍ਰੰਥਾਂ ਦਾ ਅਧਿਅਨ ਕਰਨਾ, (ੲ) ਬੁੱਧ ਧਰਮ ਦਾ ਸਾਹਿਤ ਪ੍ਰਾਪਤ ਕਰਨਾ। ਉਹ ਤਾਸ਼ਕੰਦ, ਸਮਰਕੰਦ, ਬਲਖ, ਗੰਧਾਰ ਹੁੰਦਾ ਹੋਇਆ ਕਸ਼ਮੀਰ ਤੇ ਪੰਜਾਬ ਆਇਆ ਅਤੇ ਫਿਰ ਪੂਰਬੀ ਭਾਰਤ ਵੱਲ ਚਲਾ ਗਿਆ। ਬੋਧੀ ਤੀਰਥਾਂ, ਜਿਵੇਂ ਕਿ ਕਪਲਵਸਤੂ, ਸਾਰਨਾਥ ਅਤੇ ਗਯਾ ਦੇ ਦਰਸ਼ਨ ਕੀਤੇ। ਦੋ ਸਾਲ ਨਾਲੰਦਾ ਯੂਨੀਵਰਸਿਟੀ ਵਿਚ ਸਿੱਖਿਆ ਹਾਸਲ ਕੀਤੀ। ਫਿਰ ਅੱਠ ਸਾਲ ਹਰਸ਼ ਦੀ ਰਾਜਧਾਨੀ ਕਨੌਜ ਵਿਚ ਰਿਹਾ ਅਤੇ 644 ਈ. ਨੂੰ ਵਾਪਸ ਚੀਨ ਪਰਤ ਗਿਆ। ਵਾਪਸੀ ਸਮੇਂ ਉਸ ਕੋਲ ਅਨੇਕਾਂ ਸੰਸਕ੍ਰਿਤ ਗ੍ਰੰਥ ਸਨ। ਇਨ੍ਹਾਂ ਅਤੇ ਹੋਰ ਗ੍ਰੰਥਾਂ ਦੇ ਆਧਾਰ ਤੇ ਉਸ ਨੇ Si-Yu-Ki ਨਾਮ ਦੀ ਪੁਸਤਕ ਲਿਖੀ, ਜਿਸ ਦਾ ਭਾਵ ਸੀ 'ਪੱਛਮੀ ਸੰਸਾਰ ਦੇ ਬਿਰਤਾਂਤ'। ਭਾਰਤ ਦੇ ਇਤਿਹਾਸਕਾਰਾਂ ਲਈ ਇਹ ਪੁਸਤਕ ਜਾਣਕਾਰੀ ਦਾ ਬਹੁਤ ਅਮੀਰ ਖਜ਼ਾਨਾ ਹੈ।

### ਹਰਸ਼ ਸੰਬੰਧੀ ਜਾਣਕਾਰੀ :

ਹਰਸ਼ਵਰਧਨ ਹਿਊਂਸਾਂਗ ਦੀ ਨਜ਼ਰ ਵਿਚ ਉੱਚੀ ਸ਼ਾਨ ਵਾਲਾ, ਮਿਹਨਤੀ, ਡਿਊਟੀ ਦਾ ਪਾਬੰਦ, ਜਨਤਾ ਦੀ ਭਲਾਈ ਲਈ ਆਪਣਾ ਸੁਖ ਤਿਆਗਣ ਵਾਲਾ, ਭਿਕਸ਼ੂਆਂ ਅਤੇ ਗਰੀਬਾਂ ਲਈ ਦਾਨੀ ਹੁਕਮਰਾਨ ਸੀ। ਸ਼ੁਰੂ ਵਿਚ ਹਰਸ਼ ਸ਼ਿਵਜੀ ਤੇ ਵਿਸ਼ਨੂੰ ਦਾ ਪੁਜਾਰੀ ਸੀ, ਪਰੰਤੂ ਫਿਰ ਬੋਧੀ ਪ੍ਰਭਾਵ ਗ੍ਰਹਿਣ ਕੀਤਾ। ਇਸ ਪਰਿਵਰਤਨ ਦਾ ਸਿਹਰਾ ਹਿਊਂਸਾਂਗ ਨੇ ਆਪਣੇ ਸਿਰ ਲਿਆ ਹੈ। ਹਰਸ਼ ਨੇ ਕਨੌਜ ਅਤੇ ਪ੍ਰਯਾਗ ਦੀਆਂ ਬੋਧੀ ਸਭਾਵਾਂ ਦਾ ਜ਼ਿਕਰ ਕੀਤਾ ਹੈ। ਪ੍ਰਯਾਗ ਸਭਾ 643 ਈ. ਵਿਚ ਹੋਈ।

### ਹਰਸ਼ ਦਾ ਰਾਜ ਪ੍ਰਬੰਧ :

ਹਿਊਨਸਾਂਗ ਅਨੁਸਾਰ ਹਰਸ਼ ਆਪਣੇ ਰਾਜ ਦੇ ਹਰ ਹਿੱਸੇ ਵਿਚ ਚੱਕਰ ਲਾਉਂਦਾ ਸੀ ਤਾਂ ਕਿ ਆਪ ਜਾ ਕੇ ਲੋਕਾਂ ਦੀਆਂ ਤਕਲੀਫਾਂ ਤੇ ਜਰੂਰਤਾਂ ਤੋਂ ਜਾਣੂ ਹੋ ਸਕੇ। ਪਰਜਾ ਨੂੰ ਪੁਲਿਸ ਦੇ ਰਜਿਸਟਰਾਂ ਵਿਚ ਨਾਮ ਦਰਜ ਕਰਾਉਣ ਦੀ ਜਰੂਰਤ ਨਹੀਂ ਸੀ ਅਤੇ ਨਾ ਹੀ ਬੇਗਾਰ ਦੀ ਪ੍ਰਥਾ ਸੀ।

ਸਰਕਾਰੀ ਆਮਦਨ ਦਾ ਮੁੱਖ ਸੋਮਾ ਭੂਮੀ ਕਰ ਸੀ ਜਿਹੜਾ ਕਿ ਫਸਲ ਦਾ 1/6 ਹਿੱਸਾ ਸੀ। ਅਪਰਾਧੀਆਂ ਲਈ ਸਜਾਵਾਂ ਬਹੁਤ ਕਠੋਰ ਸਨ। ਇਹ ਜੁਰਮਾਨੇ ਤੋਂ ਸ਼ੁਰੂ ਹੋ ਕੇ ਅੰਗ ਕੱਟਣ ਤੱਕ ਕੁਝ ਵੀ ਹੋ ਸਕਦੀਆਂ ਸਨ।

ਹਿਊਂਸਾਂਗ ਨੇ ਹਰਸ਼ ਦੀ ਵੱਡੀ ਸੈਨਾ ਦਾ ਵੀ ਜ਼ਿਕਰ ਕੀਤਾ। ਉਸ ਨੇ ਇਸ ਦੀ ਗਿਣਤੀ ਇਕ ਲੱਖ ਘੋੜ ਸਵਾਰ, 50,000 ਪਿਆਦੇ ਅਤੇ 60,000 ਹਾਥੀ ਦੱਸੀ ਹੈ।

## ਹਰਸ਼ ਸਮੇਂ ਦਾ ਸਮਾਜ :

ਹਿਊਂਸਾਂਗ ਨੇ ਘਰਾਂ ਤੇ ਭਵਨਾਂ ਦੇ ਵਿਸਥਾਰ ਨਾਲ ਚਿੱਤਰ ਖਿੱਚੇ ਹਨ। ਬਾਂਸ, ਲੱਕੜੀ ਤੇ ਇੱਟਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਕੱਚੇ ਫਰਸ਼ ਗੋਹੇ ਨਾਲ ਲਿੱਪੇ ਜਾਂਦੇ ਸਨ ਅਤੇ ਬਹੁਤ ਹੀ ਖੂਬਸੂਰਤ ਸਨ। ਆਮ ਕਰਕੇ ਲੋਕ ਸਾਕਾਹਾਰੀ ਸਨ ਪਰੰਤੂ ਮਾਸ ਖਾਣ ਦੀ ਮਨਾਹੀ ਨਹੀਂ ਸੀ। ਸਾਧਾਰਣ ਵਿਅਕਤੀ ਵੀ ਸਫਾਈ ਪਸੰਦ ਸਨ। ਹਿਊਂਸਾਂਗ ਸਮੇਂ ਕੱਪੜਾ ਉਦਯੋਗ ਕਾਫੀ ਵਿਕਸਤ ਸੀ। ਰੇਸ਼ਮੀ, ਸੂਤੀ ਤੇ ਊਨੀ ਕੱਪੜੇ ਦਾ ਇਸਤੇਮਾਲ ਹੁੰਦਾ ਸੀ।

ਹਿਊਂਸਾਂਗ ਨੇ ਜਾਤੀ ਪ੍ਰਥਾ ਦਾ ਵਰਨਣ ਕੀਤਾ ਹੈ। ਉਹ ਬ੍ਰਾਹਮਣਾਂ, ਕਸ਼ੱਤਰੀਆਂ, ਵੈਸ਼ਾਂ ਅਤੇ ਸ਼ੂਦਰਾਂ ਬਾਰੇ ਲਿਖਦਾ ਹੈ। ਜਾਤੀ ਵਿਆਹ ਦਾ ਆਧਾਰ ਬਣ ਚੁੱਕੀ ਸੀ। ਬਾਲ ਵਿਆਹ ਦੀ ਭੈੜੀ ਪ੍ਰਥਾ ਵੀ ਸੀ। ਹਿਊਂਸਾਂਗ ਨੇ ਭਾਰਤੀ ਸਮਾਜ ਵਿਚ ਸਹਿਨਸ਼ੀਲਤਾ ਵਰਗੇ ਗੁਣ ਵੀ ਵੇਖੇ।

ਲੋਕਾਂ ਦਾ ਮੁੱਖ ਕਿੱਤਾ ਖੇਤੀ ਸੀ। ਚਾਵਲ ਅਤੇ ਕਣਕ ਮੁੱਖ ਫਸਲਾਂ ਸਨ। ਕਸ਼ਮੀਰ ਕੇਸਰ ਦੀ ਪੈਦਾਵਾਰ ਲਈ ਮਸ਼ਹੂਰ ਸੀ। ਇਸੇ ਤਰ੍ਹਾਂ ਉਦਯੋਗ ਸੰਬੰਧੀ ਉਹ ਲਿਖਦਾ ਹੈ ਕਿ ਮਥਰਾ ਵਿਚ ਉੱਤਮ ਕਿਸਮ ਦਾ ਧਾਰੀਦਾਰ ਸੂਤੀ ਕੱਪੜਾ ਤਿਆਰ ਕੀਤਾ ਜਾਂਦਾ ਸੀ। ਪਿੱਤਲ ਅਤੇ ਤਾਂਬੇ ਦੇ ਉਦਯੋਗ ਕਾਫੀ ਵਿਕਸਤ ਸਨ।

## ਧਰਮ, ਭਾਸ਼ਾ ਅਤੇ ਸਿੱਖਿਆ :

ਬੁੱਧ ਮਤ ਅਤੇ ਹਿੰਦੂ ਮਤ ਪ੍ਰਮੁੱਖ ਧਰਮ ਸਨ। ਬੁੱਧ ਧਰਮ ਹੀਨਯਾਨ ਅਤੇ ਮਹਾਯਾਨ ਵਿਚ ਹੀ ਨਹੀਂ ਸਗੋਂ ਅਠਾਰਾਂ ਹੋਰ ਫਿਰਕਿਆਂ ਵਿਚ ਵੰਡਿਆ ਹੋਇਆ ਸੀ। ਭਾਰਤ ਬ੍ਰਾਹਮਣਾਂ ਦੇ ਦੇਸ਼ ਵਜੋਂ ਜਾਣਿਆ ਜਾਂਦਾ ਸੀ ਅਤੇ ਸੰਸਕ੍ਰਿਤ ਭਾਸ਼ਾ ਹਰਮਨਪਿਆਰੀ ਸੀ।

ਸਿੱਖਿਆ ਦੇ ਵੱਡੇ ਕੇਂਦਰ ਮੰਦਰ, ਮੱਠ ਅਤੇ ਵਿਹਾਰ ਸਨ। ਨਾਲੰਦਾ, ਟੈਕਸਿਲਾ ਅਤੇ ਗਯਾ ਪ੍ਰਸਿੱਧ ਯੂਨੀਵਰਸਿਟੀਆਂ ਸਨ। ਟੈਕਸਿਲਾ ਯੂਨੀਵਰਸਿਟੀ ਬੋਧੀ ਸਿੱਖਿਆ ਲਈ ਵਿਸ਼ਵ ਵਿਚ ਪ੍ਰਸਿੱਧ ਸੀ। ਬਿਹਾਰ ਵਿਚ ਨਾਲੰਦਾ ਯੂਨੀਵਰਸਿਟੀ ਵਿਚ 10,000 ਵਿਦਿਆਰਥੀ ਅਤੇ 1500 ਅਧਿਆਪਕ ਸਨ। ਇਥੇ ਬੁੱਧ ਮਤ ਦੇ ਨਾਲ ਬਾਕੀ ਧਰਮਾਂ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ।

## ਬਾਣ ਭੱਟ :

ਬਾਣ ਭੱਟ ਹਰਸ਼ ਦਰਬਾਰ ਦਾ ਭੱਟ ਜਾਂ ਕਵੀ ਸੀ। ਉਸ ਨੇ *ਹਰਸ਼ਚਰਿਤ* ਅਤੇ *ਕਾਦੰਬਰੀ* ਦੋ ਪੁਸਤਕਾਂ ਦੀ ਰਚਨਾ ਕੀਤੀ। *ਹਰਸ਼ਚਰਿਤ* ਦੇ ਅੱਠ ਕਾਂਡ ਹਨ। ਹਰਸ਼ਵਰਧਨ ਦੇ ਰਾਜਸੀ ਜੀਵਨ ਲਈ 6 ਅਤੇ 7 ਕਾਂਡ ਮਹੱਤਵਪੂਰਨ ਹਨ। ਯੁੱਧਾਂ ਅਤੇ ਜਿੱਤਾਂ ਦਾ ਵਰਨਣ ਸੱਤਵੇਂ ਕਾਂਡ ਵਿਚ ਮਿਲਦਾ ਹੈ। ਬਾਣ ਭੱਟ ਜਾਤ ਦਾ ਬ੍ਰਾਹਮਣ ਸੀ ਅਤੇ ਰਾਜੇ ਦੇ ਕਾਫੀ ਨਜਦੀਕ ਸੀ। ਭੱਟ ਅਨੁਸਾਰ ਪੁਸ਼ਿਆਭੂਤੀ ਪਰਿਵਾਰ ਦੀ ਰਾਜਨੀਤਕ ਸਫਲਤਾ ਹੂਣਾਂ ਦੇ ਪਤਨ ਉਪਰੰਤ ਸ਼ੁਰੂ ਹੋਈ ਅਤੇ ਇਸ ਸਫਲਤਾ ਦਾ ਸਿਹਰਾ ਪਰਭਾਕਰ ਵਰਧਨ ਦੇ ਸਿਰ ਸੀ। ਕਵੀ ਬਾਣ ਭੱਟ ਨੇ ਪਰਭਾਕਰ ਵਰਧਨ ਨੂੰ ਇਕ ਮਹਾਨ ਜੇਤੂ ਵਜੋਂ ਪੇਸ਼ ਕਰਦਾ ਹੈ।

## ਹਰਸ਼ ਦੀਆਂ ਲਿਖਤਾਂ :

ਹਰਸ਼ ਇਕ ਉੱਚ ਕੋਟੀ ਦਾ ਲੇਖਕ ਤੇ ਨਾਟਕਕਾਰ ਸੀ। ਉਸ ਦੀਆਂ ਤਿੰਨ ਪ੍ਰਸਿੱਧ ਰਚਨਾਵਾਂ ਹਨ, (1) ਨਾਗਨੰਦ (2) ਪ੍ਰਿਯਦਰਸ਼ਿਕਾ (3) ਰਤਨਾਵਲੀ। ਇਹ ਰਚਨਾਵਾਂ ਹਰਸ਼ ਦੀ ਸ਼ਖਸੀਅਤ ਉੱਪਰ ਕਾਫੀ ਰੋਸ਼ਨੀ ਪਾਉਂਦੀਆਂ ਹਨ।

## ਤਾਂਬੇ ਉੱਪਰ ਉਕਰੇ ਅਭਿਲੇਖ (Copper-plate Inscriptions) :

ਹਰਸ਼ ਕਾਲ ਦੇ ਤਾਂਬੇ ਦੀਆਂ ਦੋ ਪਲੇਟਾਂ ਤੇ ਉੱਕਰੇ ਅਭਿਲੇਖ ਉਸ ਦੇ ਯੋਗ ਸ਼ਾਸਕ ਹੋਣ ਅਤੇ ਕਲਾ ਪ੍ਰਤੀ ਸ਼ਰਧਾ ਦੇ ਸਬੂਤ ਹਨ। ਇਹ ਅਭਿਲੇਖ ਬੰਸਖੇੜਾ ਅਤੇ ਮਧੂਬਨ ਨਾਮੀ ਸਥਾਨਾਂ ਤੋਂ ਪ੍ਰਾਪਤ ਹੋਏ ਹਨ।

ਮਧੂਬਨ ਵਾਲੀ ਪਲੇਟ 629 ਈ. ਦੀ ਹੈ। ਇਨ੍ਹਾਂ ਸਮਕਾਲੀ ਸੋਮਿਆਂ ਤੋਂ ਸਿਵਾ ਪੁਲਕੇਸ਼ਨ ਦੂਜੇ ਦੀ ਆਈਹੋਲ (Aihole) ਉਕਰਵਾਂ ਅਭਿਲੇਖ ਵੀ ਹਰਸ਼ ਕਾਲ ਬਾਰੇ ਰੋਸ਼ਨੀ ਪਾਉਂਦੀ ਹੈ।

## ਹਰਸ਼ ਦਾ ਪਰਿਵਾਰਕ ਪਿਛੋਕੜ :

ਸੱਤਵੀਂ ਸਦੀ ਈਸਵੀ ਦੇ ਮੁੱਢ ਵਿਚ ਪਰਭਾਕਰ ਵਰਧਨ ਉੱਤਰੀ ਭਾਰਤ ਦਾ ਸ਼ਰੋਮਣੀ ਬਾਦਸ਼ਾਹ ਸੀ। ਉਸੇ ਨੇ ਹੂਣਾਂ ਨੂੰ ਸ਼ਕਤੀਹੀਣ ਕਰ ਦਿੱਤਾ। ਫਿਰ ਸਿੰਧ, ਮਾਲਵਾ ਤੇ ਗੁਜਰਾਤ ਵੀ ਜਿੱਤ ਲਏ। 605 ਈ. ਵਿਚ ਉਸ ਨੇ ਆਪਣੇ ਪੁੱਤਰ ਰਾਜਵਰਧਨ ਨੂੰ ਹੂਣਾਂ ਦੇ ਨਵੇਂ ਹਮਲੇ ਦਾ ਟਾਕਰਾ ਕਰਨ ਲਈ ਭੇਜਿਆ। ਹੂਣਾਂ ਨੂੰ ਹਰਾ ਕੇ ਰਾਜਵਰਧਨ ਵਾਪਸ ਥਾਨੇਸਰ ਪਰਤ ਆਇਆ। ਇਸੇ ਸਮੇਂ ਪਰਭਾਕਰਵਰਧਨ ਦੀ ਮੌਤ ਹੋ ਗਈ ਅਤੇ ਰਾਜਵਰਧਨ ਗੱਦੀ ਤੇ ਬੈਠਾ। ਉਸ ਵੇਲੇ ਉਸ ਨੂੰ ਖਬਰ ਮਿਲੀ ਕਿ ਮਾਲਵੇ ਦੇ ਰਾਜੇ ਦੇਵਗੁਪਤ ਨੇ ਕਨੌਜ ਦੇ ਰਾਜੇ ਗ੍ਰਹਿਵਰਧਨ ਉਤੇ ਹਮਲਾ ਕਰਕੇ ਰਾਜਸ਼ਿਰੀ ਨੂੰ ਕੈਦ ਕਰ ਲਿਆ। ਰਾਜਵਰਧਨ ਨੇ ਦੇਵਗੁਪਤ ਉਪਰ ਚੜ੍ਹਾਈ ਕਰ ਦਿੱਤੀ। ਡਰ ਦੇ ਮਾਰਿਆਂ ਦੇਵ ਗੁਪਤ ਨੇ ਰਾਜਸ਼ਿਰੀ ਤਾਂ ਰਿਹਾਅ ਕਰ ਦਿੱਤੀ ਪਰੰਤੂ ਬੰਗਾਲ ਦੇ ਰਾਜੇ ਸ਼ਾਸੁੰਕ ਦੀ ਸਹਾਇਤਾ ਨਾਲ ਰਾਜ ਵਰਧਨ ਨੂੰ ਕਤਲ ਕਰ ਦਿੱਤਾ। ਇਸ ਤਰ੍ਹਾਂ 12 ਸਾਲ ਦੀ ਉਮਰ ਵਿਚ ਹਰਸ਼ ਥਾਨੇਸਰ ਦੀ ਰਾਜਗੱਦੀ ਉੱਪਰ ਬੈਠਾ।

## ਚੁਣੌਤੀਆਂ :

ਹਰਸ਼ ਸਾਹਮਣੇ ਪਹਿਲੀ ਚੁਣੌਤੀ ਕਨੌਜ ਸੀ। ਉਹ ਭਾਰੀ ਫੌਜ ਨਾਲ ਅਗਾਂਹ ਵਧਿਆ। ਰਸਤੇ ਵਿਚ ਹੀ ਉਸ ਨੂੰ ਕਾਮਰੂਪ (ਅਸਾਮ) ਦੇ ਰਾਜੇ ਵੱਲੋਂ ਸੰਧੀ ਦਾ ਸੰਦੇਸ਼ ਮਿਲਿਆ। ਇਸ ਪੇਸ਼ਕਸ ਨੂੰ ਮੰਨ ਕੇ ਹਰਸ਼ ਨੇ ਸੰਧੀ ਕਰ ਲਈ। ਸੰਧੀ ਬੰਗਾਲ ਦੇ ਰਾਜੇ ਵਿਰੁੱਧ ਉਪਯੋਗੀ ਸਿੱਧ ਹੋਈ।

## ਕਨੌਜ ਉੱਪਰ ਕਬਜਾ :

ਹਰਸ਼ ਅੱਗੇ ਵਧਦਾ ਚਲਾ ਗਿਆ। ਰਸਤੇ ਵਿਚ ਉਸ ਨੂੰ ਪਤਾ ਲੱਗਿਆ ਕਿ ਰਾਜਸ਼ਿਰੀ ਰਿਹਾਈ ਪਿਛੋਂ ਵਿੰਧੀਆ ਪਹਾੜਾਂ ਵੱਲ ਚਲੀ ਗਈ ਹੈ। ਉਸ ਨੇ ਤੁਰੰਤ ਆਪਣੀ ਭੈਣ ਦਾ ਪਿੱਛਾ ਕੀਤਾ ਅਤੇ ਦੋ ਬੋਧੀ ਸੰਤਾਂ (ਵਯਾਸਤ ਕੇਤੂ ਅਤੇ ਨਿਰਗਤਾ) ਦੀ ਸਹਾਇਤਾ ਨਾਲ ਉਸ ਨੂੰ ਲੱਭ ਲਿਆ। ਉਹ ਦੋਵੇਂ ਕਨੌਜ ਵਾਪਸ ਆ ਗਏ। ਗ੍ਰਹਿਵਰਧਨ ਦੇ ਪੁੱਤਰ ਨਾ ਹੋਣ ਕਰਕੇ ਅਤੇ ਰਾਜਸ਼ਿਰੀ ਦੀ ਰਜਾਮੰਦੀ ਨਾਲ ਆਪਣੇ ਵਜੀਰਾਂ ਦੀ ਰਾਏ ਮੰਨ ਕੇ ਹਰਸ਼ ਨੇ ਕਨੌਜ ਦੀ ਵਾਗਡੋਰ ਆਪ ਸੰਭਾਲ ਲਈ। ਛੇਤੀ ਹੀ ਉਸ ਨੇ ਆਪਣੀ ਰਾਜਧਾਨੀ ਥਾਨੇਸਰ ਤੋਂ ਬਦਲ ਕੇ ਕਨੌਜ ਬਣਾ ਲਈ।

## ਜਿੱਤਾਂ :

ਕਨੌਜ ਵਿਚ ਆਪਣੀ ਸ਼ਕਤੀ ਮਜਬੂਤ ਕਰਕੇ ਹਰਸ਼ ਗੌੜ ਜਾਂ ਬੰਗਾਲ ਵੱਲ ਵਧਿਆ। ਰਸਤੇ ਵਿਚ ਅਨੇਕਾਂ ਛੋਟੇ ਮੋਟੇ ਸਰਦਾਰ ਅਤੇ ਰਾਜੇ ਉਸ ਨਾਲ ਮਿਲ ਗਏ। ਅੰਤ ਉਸ ਨੇ ਬੰਗਾਲ ਦੇ ਰਾਜੇ ਸ਼ਾਸੁੰਕ ਨੂੰ ਕਰਾਰੀ ਹਾਰ ਦਿੱਤੀ।

ਹਿਊਂਸਾਂਗ ਅਨੁਸਾਰ ਹਰਸ਼ ਨੇ ਛੇ ਸਾਲ (606–12) ਯੁੱਧ ਕੀਤਾ ਅਤੇ ਪੰਜ ਸ਼ਕਤੀਆਂ (Five Indies) ਨੂੰ ਹਰਾਇਆ। ਇਹ ਪੰਜ ਸ਼ਕਤੀਆਂ ਸਨ :

(1) ਜਲੰਧਰਾ ਜਾਂ ਪੂਰਬੀ ਪੰਜਾਬ

(2) ਕਨੌਜ

(3) ਦਰਭੰਗਾ

(4) ਮੀਥਲਾ ਜਾਂ ਬਿਹਾਰ

(5) ਉਤਕਲ ਜਾਂ ਉੜੀਸਾ

ਇਸ ਤੋਂ ਪਿਛੋਂ ਉਸ ਨੇ ਅਯੁੱਧਿਆ ਅਤੇ ਪਰਯਾਗ ਤੇ ਕਬਜਾ ਕੀਤਾ।

## ਸਿੰਧ, ਨੇਪਾਲ ਤੇ ਗੁਜਰਾਤ :

ਬਾਣ ਭੱਟ ਅਨੁਸਾਰ ਹਰਸ਼ ਨੇ ਸਿੰਧ ਨੂੰ ਜਿੱਤ ਕੇ ਬਰਫੀਲੇ ਪਹਾੜਾਂ ਦੀ ਧਰਤੀ ਨੇਪਾਲ ਨੂੰ ਵਿਜੈ ਕੀਤਾ।

636 ਈ. ਵਿਚ ਵੱਲਭੀ ਦੇ ਰਾਜੇ ਧਰੁਵ ਸੈਨ ਦੂਜੇ ਨੇ ਆਤਮ ਸਮਰਪਣ ਕਰ ਦਿੱਤਾ, ਪਰੰਤੂ ਹਰਸ਼ ਨੇ ਉਸ ਦਾ ਸਨਮਾਨ ਕਰਦੇ ਹੋਏ ਉਸ ਨਾਲ ਸਮਾਜਿਕ ਸੰਬੰਧ ਸਥਾਪਤ ਕਰ ਲਏ। ਅੱਗੇ ਵਧ ਕੇ ਸੂਰਤ ਅਤੇ ਕੱਛ ਨੂੰ ਜਿੱਤਿਆ।

### ਪੁਲਕੇਸ਼ਨ ਦੂਜੇ ਨਾਲ ਯੁੱਧ :

ਹਰਸ਼ ਦੱਖਣ ਨੂੰ ਜਿੱਤਣਾ ਚਾਹੁੰਦਾ ਸੀ, ਪਰੰਤੂ ਉਸ ਨੂੰ ਨਹੀਂ ਸੀ ਪਤਾ ਕਿ ਵਿੰਧੀਆ ਪਹਾੜ ਦੇ ਉਸ ਪਾਰ ਪੁਲਕੇਸ਼ਨ ਦੂਜਾ ਇਕ ਸ਼ਕਤੀਸਾਲੀ ਬਾਦਸ਼ਾਹ ਸੀ ਅਤੇ ਉਸ ਦੀਆਂ ਹੱਦਾਂ ਵਿੰਧੀਆ ਤੋਂ ਸ਼ੁਰੂ ਹੋ ਕੇ ਮਾਲਵਾ ਰਾਜ ਦੀਆਂ ਸੀਮਾਵਾਂ ਤੱਕ ਸਨ। ਹਰਸ਼ ਦੀ ਫੌਜ ਨਰਬਦਾ ਦਰਿਆ ਤੇ ਹੀ ਰੋਕ ਦਿੱਤੀ ਗਈ ਅਤੇ ਉਸ ਨੂੰ ਇਹ ਨਦੀ ਹੀ ਆਪਣੀ ਸੀਮਾ ਮੰਨਣੀ ਪਈ।

### ਬੰਗਾਲ ਦੀ ਜਿੱਤ :

ਆਪਣੀ ਪਹਿਲੀ ਮੁਹਿੰਮ ਸਮੇਂ ਹਰਸ਼ ਨੇ ਅਨੇਕਾਂ ਪੂਰਬੀ ਇਲਾਕਿਆਂ ਨੂੰ ਜਿੱਤਿਆ ਸੀ ਪਰੰਤੂ ਉਹ ਰਾਜ ਮਹਿਲ ਜਿਲ੍ਹੇ ਤੋਂ ਅੱਗੇ ਬੰਗਾਲ ਵਿਚ ਦਾਖਲ ਨਹੀਂ ਸੀ ਹੋ ਸਕਿਆ। ਉਹ ਸ਼ਾਸੁੰਕ ਤੋਂ ਬਦਲਾ ਲੈਣਾ ਚਾਹੁੰਦਾ ਸੀ। ਉਧਰ 620 ਈ. ਤੱਕ ਸ਼ਾਸੁੰਕ ਨੇ ਆਪਣੀ ਸਥਿਤੀ ਕਾਫੀ ਮਜਬੂਤ ਕਰ ਲਈ ਸੀ। ਇਸ ਸਾਲ ਸ਼ਾਸੁੰਕ ਦੀ ਮੌਤ ਹੋ ਗਈ ਅਤੇ ਇਸ ਦੇ ਠੀਕ ਇਕ ਸਾਲ ਬਾਅਦ ਹਰਸ਼ ਨੇ ਬੰਗਾਲ ਉੱਪਰ ਦੂਸਰੀ ਵਾਰ ਚੜ੍ਹਾਈ ਕਰ ਦਿੱਤੀ ਅਤੇ ਅਨੇਕਾਂ ਜਿਲ੍ਹੇ ਆਪਣੇ ਰਾਜ ਵਿਚ ਮਿਲਾ ਲਏ।

### ਗੰਜਮ ਤੇ ਹਮਲਾ :

634 ਈ. ਵਿਚ ਹਰਸ਼ ਨੇ ਕੰਗੋੜਾ ਜਾਂ ਗੰਜਮ ਤੇ ਹਮਲਾ ਕੀਤਾ। ਇਹ ਇਲਾਕਾ ਖਾੜੀ ਬੰਗਾਲ ਦੇ ਕੰਢੇ ਉਪਰ ਸਥਿਤ ਸੀ।

### ਚੀਨ ਨਾਲ ਮਿੱਤਰਤਾ ਪੂਰਨ ਸੰਬੰਧ :

ਹਰਸ਼ ਨੇ ਚੀਨ ਨਾਲ ਮਿੱਤਰਤਾ ਪੂਰਨ ਸੰਬੰਧ ਸਥਾਪਤ ਕੀਤੇ। 624 ਈ. ਉਸ ਨੇ ਇਕ ਬ੍ਰਾਹਮਣ ਰਾਜਦੂਤ ਚੀਨ ਭੇਜਿਆ। 629 ਈ. ਵਿਚ ਹਿਊਂਸਾਂਗ ਭਾਰਤ ਆਇਆ। 634 ਈ. ਨੂੰ ਬ੍ਰਾਹਮਣ ਰਾਜਦੂਤ ਚੀਨ ਤੋਂ ਵਾਪਸ ਆਇਆ। 645 ਈ. ਨੂੰ ਇਹ ਭਾਰਤੀ ਰਾਜਦੂਤ ਫਿਰ ਚੀਨ ਚਲਾ ਗਿਆ।

### ਸਾਮਰਾਜ ਦੀਆਂ ਹੱਦਾਂ :

647 ਈ. ਵਿਚ ਹਰਸ਼ਵਰਧਨ ਦੀ ਮੌਤ ਹੋ ਗਈ। ਉਸ ਸਮੇਂ ਉਸ ਦੇ ਰਾਜ ਵਿਚ ਪੂਰਬੀ ਪੰਜਾਬ, ਮਥਰਾ ਨੂੰ ਛੱਡ ਕੇ ਸਮੁੱਚਾ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਤੇ ਉੜੀਸਾ ਸਮੇਤ ਕੰਗੋੜਾ ਜਾਂ ਗੰਜਮ ਦੇ ਇਲਾਕੇ ਸ਼ਾਮਲ ਸਨ। ਦੱਖਣ ਵੱਲ ਉਸ ਦਾ ਰਾਜ ਨਰਬਦਾ ਦਰਿਆ ਨਹੀਂ ਪਾਰ ਕਰ ਸਕਿਆ। ਇਹ ਨਦੀ ਉਸ ਦੇ ਰਾਜ ਦੀ ਦੱਖਣ-ਪੱਛਮੀ ਸੀਮਾ ਸੀ। ਇਸੇ ਤਰ੍ਹਾਂ ਦੱਖਣ-ਪੂਰਬ ਵੱਲ ਉੱਤਰੀ ਉੜੀਸਾ ਸੀਮਾ ਸੀ। ਗੁਜਰਾਤ ਅਤੇ ਅਸਾਮ ਹਰਸ਼ਵਰਧਨ ਲਈ ਮਿੱਤਰ ਰਾਜ ਸਨ ਜਦੋਂ ਕਿ ਕਸ਼ਮੀਰ ਸਾਮਰਾਜ ਦਾ ਹਿੱਸਾ ਨਹੀਂ ਸੀ। ਹਿਮਾਲਾ ਦੇ ਪੈਰਾਂ ਵਿਚ ਕੁੱਝ ਜਿਲ੍ਹੇ ਹਰਸ਼ ਨੇ ਜਿੱਤੇ ਸਨ, ਪਰੰਤੂ ਉੱਚੇ ਬਰਫੀਲੇ ਪਹਾੜ ਉਸ ਦੀ ਪਹੁੰਚ ਤੋਂ ਪਰੇ ਰਹੇ। ਜਮਨਾ ਦਰਿਆ ਦੇ ਪੱਛਮ ਵੱਲ ਉਸ ਦਾ ਰਾਜ ਜਲੰਧਰ ਤੋਂ ਅੱਗੇ ਨਹੀਂ ਸੀ। ਫਿਰ ਵੀ ਉੱਤਰੀ ਭਾਰਤ ਦਾ ਵੱਡਾ ਹਿੱਸਾ ਹਰਸ਼ ਦੇ ਸਾਮਰਾਜ ਵਿਚ ਸ਼ਾਮਲ ਸੀ। ਉਸ ਨੂੰ ਠੀਕ ਹੀ 'ਸ਼ਕਲ-ਉੱਤਰ-ਪੱਥ-ਨਾਥ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

### ਰਾਜਧਾਨੀ ਕਨੌਜ :

ਗੰਗਾ ਦਰਿਆ ਤੇ ਸਥਿਤ ਕਨੌਜ ਦਾ ਪ੍ਰਾਚੀਨ ਸ਼ਹਿਰ ਹਰਸ਼ ਦੀ ਰਾਜਧਾਨੀ ਸੀ। ਹਰਸ਼ ਅਧੀਨ ਇਹ ਛੇਤੀ ਹੀ 4 ਮੀਲ ਤੱਕ ਫੈਲ ਗਿਆ। ਉੱਚੀਆਂ ਇਮਾਰਤਾਂ, ਵੱਡੇ ਤਲਾਬਾਂ ਤੇ ਬਾਗਾਂ ਦੇ ਇਸ ਸ਼ਹਿਰ ਵਿਚ ਉਸ ਵੇਲੇ ਇਕ ਸੌ ਦੇ ਕਰੀਬ ਬੋਧੀ ਵਿਹਾਰ ਅਤੇ ਇਸ ਤੋਂ ਵੀ ਵੱਧ ਹਿੰਦੂ ਮੰਦਰ ਸਨ। ਬੋਧੀ ਅਤੇ ਹਿੰਦੂ ਵਸੋਂ ਲਗਭਗ ਬਰਾਬਰ ਸੀ।

## ਸ਼ਾਸਨ ਪ੍ਰਬੰਧ :

ਹਰਸ਼ ਦੀ ਸ਼ਖਸੀਅਤ ਅਤੇ ਨਰਮ-ਦਿਲੀ ਰਾਜ ਪ੍ਰਬੰਧ ਦਾ ਧੁਰਾ ਸੀ। ਆਪਣੇ ਮਿਹਨਤੀ ਸੁਭਾਅ ਕਾਰਨ ਹਰਸ਼ ਰਾਜ ਦੇ ਹਰ ਕੰਮ ਵਿਚ ਨਿੱਜੀ ਦਿਲਚਸਪੀ ਲੈਂਦਾ ਸੀ। ਹਿਊਂਸਾਂਗ ਨੇ ਠੀਕ ਲਿਖਿਆ ਸੀ ਕਿ ਹਰਸ਼ ਜਨਤਕ ਕੰਮਾਂ ਵਿਚ ਕਈ ਵਾਰ ਇਤਨਾ ਉਤਰ ਜਾਂਦਾ ਸੀ ਕਿ ਉਹ ਖਾਣਾ ਜਾਂ ਸੌਣਾ ਵੀ ਭੁੱਲ ਜਾਂਦਾ ਸੀ। ਸਾਮਰਾਜ ਵਿਚ ਟੂਰ ਲਾਉਣੇ ਇਕ ਹੋਰ ਵਿਧੀ ਸੀ। ਸਮੇਂ-ਸਮੇਂ ਸਿਰ ਮਤਾਹਿਤ ਰਾਜਿਆਂ ਦੇ ਦਰਬਾਰ ਬੁਲਾ ਕੇ ਉਨ੍ਹਾਂ ਰਾਹੀਂ ਉਨ੍ਹਾਂ ਦੀ ਜਨਤਾ ਦੀਆਂ ਮੁਸ਼ਕਲਾਂ ਵੱਲ ਧਿਆਨ ਦਿੱਤਾ ਜਾਂਦਾ ਸੀ।

## ਮੰਤਰੀ-ਮੰਡਲ :

ਹਰਸ਼ ਦੀ ਸਹਾਇਤਾ ਲਈ ਮੰਤਰੀ ਪਰਿਸ਼ਦ ਸੀ। ਮੰਤਰੀ ਵੱਖ ਵੱਖ ਮਹਿਕਮਿਆਂ ਨੂੰ ਵੇਖਦੇ ਸਨ। ਕੇਂਦਰੀ ਸੈਕਟਰੀਏਟ ਵੀ ਸੀ। ਮੁੱਖ ਮਹਿਕਮੇ ਫੌਜੀ ਪ੍ਰਬੰਧ, ਭੂਮੀ ਪ੍ਰਬੰਧ ਅਤੇ ਜਨਤਾ ਦੀ ਭਲਾਈ ਆਦਿ ਸਨ। ਕੇਂਦਰੀ ਮੰਤਰੀਆਂ ਦੇ ਅਨੇਕਾਂ ਗੁਣਾਂ ਵਿਚ ਇਕ ਉਨ੍ਹਾਂ ਦਾ ਫੌਜੀ ਤਜਰਬਾ ਵੀ ਸੀ।

## ਮਹਾਂ-ਸੰਧੀ ਵੀਗਰਿਹ-ਅਧੀਕਾਰੀਤਾ :

ਇਹ ਮਹੱਤਵਪੂਰਨ ਅਫਸਰ ਅਮਨ ਅਤੇ ਯੁੱਧ ਮਾਮਲਿਆਂ ਤੋਂ ਇਲਾਵਾ ਅੰਤਰ ਰਾਜੀ ਸੰਬੰਧਾਂ ਨੂੰ ਵੀ ਵੇਖਦਾ ਸੀ ਤੇ ਨੀਤੀ ਨਿਰਧਾਰਤ ਕਰਦਾ ਸੀ। ਉਸ ਅਧੀਨ ਛੋਟੇ ਸੰਧੀ-ਵੀਗਰਿਹ ਹੁੰਦੇ ਸਨ।

## ਸਰਵ-ਅਧਿਅਕਸ਼ :

ਸਰਵ ਅਧਿਅਕਸ਼ ਕੇਂਦਰੀ ਸੈਕਟਰੀਏਟ ਦਾ ਇੰਚਾਰਜ ਸੀ ਅਤੇ ਉਹ ਕੇਂਦਰ ਤੇ ਰਾਜਾਂ ਵਿਚਕਾਰ ਅਤੇ ਅੱਗੇ ਜਿਲ੍ਹਿਆਂ ਨਾਲ ਤਾਲਮੇਲ ਰੱਖਦਾ ਸੀ। ਅਧਿਅਕਸ਼ ਕਿਸੇ ਵਿਸ਼ੇਸ਼ ਕਮਿਸ਼ਨ ਦਾ ਮੁਖੀ ਹੁੰਦਾ ਸੀ। *ਪਰਤੀਹਾਰਾ* ਅਤੇ *ਮਹਾਂ-ਪਰਤੀਹਾਰਾ* ਹੋਰ ਅਫਸਰ ਸਨ। ਇਹ ਅਦਾਲਤਾਂ ਦਾ ਕੰਮ ਵੀ ਵੇਖਦੇ ਸਨ ਅਤੇ ਹਰਸ਼ ਦੇ ਦਰਬਾਰ ਦਾ ਪ੍ਰਬੰਧ ਵੀ ਕਰਦੇ ਸਨ। ਸਮਰਾਟ ਦੇ ਦੌਰਿਆਂ ਸਮੇਂ ਇਹ ਹਾਜਰ ਰਹਿੰਦੇ ਸਨ।

## ਸੈਨਾ ਪ੍ਰਬੰਧ :

ਸ਼ੁਰੂ ਵਿਚ ਹਰਸ਼ ਪਾਸ 5600 ਹਾਥੀ, 20,000 ਘੋੜ ਸਵਾਰ ਅਤੇ 50,000 ਪਿਆਦੇ ਸਨ। ਫਿਰ 60,000 ਹਾਥੀ ਅਤੇ 1,00,000 ਘੋੜ ਸਵਾਰ ਹੋ ਗਏ। ਹਾਥੀ ਦਸਤਿਆਂ ਵੱਲ ਖਾਸ ਧਿਆਨ ਦਿੱਤਾ ਜਾਂਦਾ ਸੀ। ਹਾਥੀ ਦੀ ਪਿੱਠ ਉੱਪਰ ਲੱਕੜੀ ਦਾ ਬਣਿਆ ਵੱਡਾ ਹੁੱਡਾ ਹੁੰਦਾ ਸੀ, ਜਿਸ ਨਾਲ ਹਰ ਹਾਥੀ ਚਲਦੇ-ਫਿਰਦੇ ਕਿਲ੍ਹੇ ਦਾ ਕੰਮ ਕਰਦਾ ਸੀ। ਹਾਥੀਆਂ ਨੂੰ ਮਾਹੋਤ ਚਲਾਉਂਦੇ ਸਨ ਅਤੇ ਇਨ੍ਹਾਂ ਨੂੰ *ਮਹਾਂਮਾਤਰੇ* ਕਿਹਾ ਜਾਂਦਾ ਸੀ। ਹਾਥੀ ਸੈਨਾ ਦੇ ਛੋਟੇ ਅਫਸਰਾਂ ਨੂੰ ਪਿਲੂਪਤੀ ਅਤੇ ਵੱਡੇ ਅਫਸਰ ਨੂੰ ਮਹਾਂ-ਪਿਲੂਪਤੀ ਆਖਿਆ ਜਾਂਦਾ ਸੀ। ਘੋੜ ਸੈਨਾ ਦੇ ਅਜਿਹੇ ਅਫਸਰਾਂ ਨੂੰ ਕ੍ਰਮਵਾਰ ਅਸ਼ਵ-ਪਤੀ ਅਤੇ ਮਹਾਂ-ਅਸ਼ਵ-ਪਤੀ ਆਖਿਆ ਜਾਂਦਾ ਸੀ।

ਹਰਸ਼ ਨੇ ਘੋੜ ਸੈਨਾ ਨੂੰ ਸੁਧਾਰਨ ਦਾ ਯਤਨ ਕੀਤਾ। ਈਰਾਨ, ਅਫਗਾਨਿਸਤਾਨ ਅਤੇ ਸਿੰਧ ਤੋਂ ਘੋੜੇ ਮੰਗਵਾਏ ਜਾਂਦੇ ਸਨ। ਤਬੇਲੇ ਦੇ ਇੰਚਾਰਜ ਨੂੰ ਅਸ਼ਵਪਾਲਾ ਜਾਂ ਵੱਲਭ-ਪਾਲਾ ਕਿਹਾ ਜਾਂਦਾ ਸੀ। ਪੈਦਲ ਸੈਨਾ ਨੂੰ ਚਾਰ-ਭੱਟ ਕਿਹਾ ਜਾਂਦਾ ਸੀ।

## ਇਕਾਈਆਂ :

ਹਰਸ਼ ਅਧੀਨ ਰਾਜ ਪ੍ਰਬੰਧ ਦੀਆਂ ਹੇਠ ਲਿਖੀਆਂ ਇਕਾਈਆਂ ਸਨ :

(ੳ) ਭੁਕਤੀ – ਭਾਵ ਰਾਜ ਜਾਂ ਸੂਬਾ

(ਅ) ਵਿਸ਼ – ਭਾਵ ਜਿਲ੍ਹਾ

(ੲ) ਪਾਠਕ – ਭਾਵ ਤਾਲੁਕਾ

(ਸ) ਗ੍ਰਾਮ – ਭਾਵ ਪਿੰਡ

ਭੁਕਤੀ ਦੇ ਮੁਖੀ ਨੂੰ ਆਮ ਕਰਕੇ *ਉਪਾਰੀਕਾ* ਕਿਹਾ ਜਾਂਦਾ ਸੀ ਪਰੰਤੂ ਉਸ ਦੇ ਹੋਰ ਵੀ ਅਨੇਕਾਂ ਨਾਮ ਸਨ, ਜਿਵੇਂ *ਭੋਗੀਕਾ* ਜਾਂ *ਭੋਗ ਪਤੀ*, *ਗੋਪਤਾ* ਜਾਂ *ਉਪਾਰੀਕਾ-ਮਹਾਰਾਜ*। ਰਾਜਸਥਾਨੀਆਂ ਵੀ ਭੁਕਤੀ ਮੁਖੀ ਦਾ ਹੀ ਨਾਮ ਸੀ।

ਵਿਸ਼ ਦੇ ਮੁਖੀ ਨੂੰ *ਵਿਸ਼-ਪਤੀ*, *ਮਹਾਰਾਜਾ* ਅਤੇ *ਅਯੁਕਿਤਕਾ* ਕਿਹਾ ਜਾਂਦਾ ਸੀ।

ਗ੍ਰਾਮ ਜਾਂ ਪਿੰਡ ਦੇ ਮੁਖੀ ਨੂੰ *ਗ੍ਰਾਮੀਕਾ* ਆਖਦੇ ਸਨ ਅਤੇ ਪਿੰਡ ਦੇ ਬਜੁਰਗ ਦੀ ਸਭਾ ਹੁੰਦੀ ਸੀ। ਬਜੁਰਗਾਂ ਨੂੰ ਮਹਾਂਤਰਾਜ (Mahattras) ਕਿਹਾ ਜਾਂਦਾ ਸੀ।

## ਮਾਲੀਆ ਪ੍ਰਬੰਧ :

ਭੂਮੀ ਪ੍ਰਬੰਧ ਤੇ ਮਾਲੀਏ ਦੀ ਹਿਊਂਸਾਂਗ ਨੇ ਬੜੀ ਗੁਲਾਬੀ ਤਸਵੀਰ ਪੇਸ਼ ਕੀਤੀ। ਉਹ ਲਿਖਦਾ ਹੈ ਕਿ ਸਰਕਾਰ ਦਰਿਆ ਦਿਲ ਸੀ ਅਤੇ ਇਸ ਦੀਆਂ ਲੋੜਾਂ ਬਹੁਤ ਘੱਟ ਸਨ। ਟੱਬਰ ਦਰਜ ਨਹੀਂ ਕੀਤੇ ਹੋਏ। ਜਬਰੀ ਕੰਮ ਨਹੀਂ ਲਿਆ ਜਾਂਦਾ। ਟੈਕਸ ਥੋੜੇ ਸਨ। ਖੇਤੀ ਪੀੜ੍ਹੀ-ਦਰ-ਪੀੜ੍ਹੀ ਚਲਦੀ ਸੀ। ਭੂਮੀ ਮਾਲੀਏ ਦੀ ਦਰ 1/6 ਹਿੱਸਾ ਸੀ। ਇਹ ਸਰਕਾਰੀ ਆਮਦਨ ਦਾ ਮੁੱਖ ਸੋਮਾ ਸੀ।

## ਦੰਡ-ਵਿਧਾਨ :

ਦੰਡ ਵਿਧਾਨ ਬਹੁਤ ਸਖਤ ਸੀ। ਬਾਦਸ਼ਾਹ ਨਾਲ ਧਰੋਹ ਦੀ ਸਜ਼ਾ ਉਮਰ ਕੈਦ ਸੀ। ਦੋਸ ਜਾਂ ਨਿਰਦੋਸ ਦੀ ਪ੍ਰੀਖਿਆ ਪਾਣੀ ਅਤੇ ਅਗਨੀ ਰਾਹੀਂ ਅਜਮਾਈ ਜਾਂਦੀ ਸੀ। ਸਦਾਚਾਰ ਵਿਰੋਧੀ ਜਾਂ ਨਮਕ-ਹਰਾਮੀ ਹੋਣ ਦੀ ਸਜਾ ਹੱਥ-ਪੈਰ ਕੱਟ ਦੇਣ ਜਾਂ ਦੇਸ਼ ਨਿਕਾਲਾ ਹੁੰਦਾ ਸੀ।

## ਸਾਹਿਤ, ਸਿੱਖਿਆ ਅਤੇ ਧਰਮ :

ਹਰਸ਼ ਵਰਧਨ ਆਪ ਇਕ ਉੱਚ ਕੋਟੀ ਦਾ ਲਿਖਾਰੀ ਸੀ। ਨਾਲੰਦਾ ਸਿੱਖਿਆ ਤੇ ਸਾਹਿਤ ਦਾ ਵੱਡਾ ਕੇਂਦਰ ਸੀ। ਮਗਧ ਦਾ ਇਹ ਕੇਂਦਰ ਕਲਾ ਲਈ ਵੀ ਜਾਣਿਆ ਜਾਂਦਾ ਸੀ। ਹਰਸ਼ ਨੇ ਵਿਆਕਰਨ ਸੰਬੰਧੀ ਲਿਖਿਆ ਅਤੇ ਕਵਿਤਾ ਵੀ ਰਚੀ। ਉਸ ਨੇ ਤਿੰਨ ਮਹੱਤਵਪੂਰਨ ਨਾਟਕਾਂ ਦਾ ਅਸੀਂ ਪਹਿਲਾਂ ਹੀ ਜ਼ਿਕਰ ਕੀਤਾ ਹੈ। ਇਨ੍ਹਾਂ ਨਾਟਕਾਂ ਵਿਚੋਂ *ਨਾਗਨੰਦ* ਵਧੇਰੇ ਪ੍ਰਸਿੱਧ ਹੋਇਆ। ਅੱਜ ਕਲ ਇਸ ਦਾ ਅੰਗਰੇਜੀ ਅਨੁਵਾਦ ਵੀ ਮਿਲਦਾ ਹੈ।

ਬਾਣ ਭੱਟ ਨੇ ਹਰਸ਼ ਦੀ ਕਾਵਿ-ਕਲਾ ਦੀ ਪ੍ਰਸ਼ੰਸਾ ਕੀਤੀ ਹੈ ਜਦੋਂ ਕਿ *ਗੀਤ ਗੋਵਿੰਦ* ਦੇ ਲੇਖਕ ਜੈ ਦੇਵ ਨੇ ਹਰਸ਼ ਦੀ ਤੁਲਨਾ ਕਾਲੀਦਾਸ ਨਾਲ ਕੀਤੀ।

ਹਰਸ਼ ਨੇ ਬਾਣ ਭੱਟ ਤੋਂ ਬਿਨਾਂ ਹੋਰ ਅਨੇਕਾਂ ਸਾਹਿਤਕਾਰਾਂ ਨੂੰ ਸਰਪਰਸਤੀ ਦਿੱਤੀ। ਸਰਕਾਰੀ ਆਮਦਨ ਦਾ ਚੌਥਾ ਹਿੱਸਾ ਕਲਾ, ਸਾਹਿਤ, ਸਿੱਖਿਆ ਅਤੇ ਦਾਨ ਉੱਪਰ ਖਰਚ ਲਈ ਰੱਖਿਆ ਜਾਂਦਾ ਸੀ। ਇਸ ਤੋਂ ਇਲਾਵਾ ਚੰਗੇ ਲਿਖਾਰੀਆਂ ਨੂੰ ਮਾਫੀ ਜਗੀਰਾਂ ਵੀ ਦਿੱਤੀਆਂ ਜਾਂਦੀਆਂ ਸਨ। ਯੋਗ-ਸ਼ਾਸਤਰ, ਵੇਦ, ਜੋਤਿਸ਼, ਭੂਗੋਲ, ਗਣਿਤ ਅਤੇ ਚਕਿਤਸਾ ਵਿਚ ਨਿਪੁੰਨ ਵਿਦਵਾਨ ਜੈਸੇਨ ਨੂੰ ਉੜੀਸਾ ਪ੍ਰਾਂਤ ਵਿਚ 80 ਪਿੰਡਾਂ ਦੀ ਜਗੀਰ ਦਿੱਤੀ ਗਈ। ਦਿਵਾਕਰ ਤੇ ਭਰਤਰੀਹਰੀ ਦੋ ਹੋਰ ਦਰਬਾਰ ਦੇ ਪ੍ਰਸਿੱਧ ਲੇਖਕ ਸਨ।

ਹਰਸ਼ ਬਹੁਤ ਹੀ ਧਾਰਮਿਕ ਮਨੁੱਖ ਸੀ। ਹਰ ਰੋਜ ਕਈ ਘੰਟੇ ਭਗਤੀ ਵਿਚ ਗੁਜਾਰਦਾ ਸੀ। ਸ਼ੁਰੂ ਵਿਚ ਸ਼ਿਵ, ਸੂਰਜ ਅਤੇ ਬੁੱਧ ਦਾ ਪੁਜਾਰੀ ਸੀ। ਪਿਛਲੇ ਸਮੇਂ ਵਿਚ ਉਹ ਬੁੱਧ ਧਰਮ ਵੱਲ ਪਰਤਿਆ ਅਤੇ ਮਹਾਨ ਅਸ਼ੋਕ ਵਾਂਗ ਇਸ ਧਰਮ ਦਾ ਸਰਪਰਸਤ ਬਣਿਆ। ਹਿਊਂਸਾਂਗ ਲਿਖਦਾ ਹੈ ਕਿ ਕਿਸੇ ਵੇਲੇ ਹਰਸ਼ ਨਵੇਂ ਧਰਮ ਦਾ ਬੂਟਾ ਹਰ ਪਾਸੇ ਲਾਉਣ ਲਈ ਇਤਨਾ ਮਗਨ ਹੋ ਗਿਆ ਕਿ ਖਾਣਾ-ਸੌਣਾ ਵੀ ਭੁੱਲ ਗਿਆ ਅਤੇ ਉਸ ਨੇ ਸਾਮਰਾਜ ਅੰਦਰ ਕਿਸੇ ਵੀ ਜੀਵ ਨੂੰ ਖੁਰਾਕ ਲਈ ਮਾਰਨ ਦੀ ਮਨਾਹੀ ਕਰ ਦਿੱਤੀ। ਇਸ ਹੁਕਮ ਦੀ ਉਲੰਘਣਾ ਕਰਨ ਵਾਲੇ ਨੂੰ ਮੌਤ ਦੀ ਸਜਾ ਨਿਸ਼ਚਿਤ ਕੀਤੀ।

ਹਰਸ਼ ਦੁਆਰਾ ਭਿਕਸ਼ੂਆਂ ਦੀ ਸੇਵਾ ਅਤੇ ਸਰਪਰਸਤੀ ਦੀ ਉੱਤਮ ਉਦਾਹਰਣ ਹਿਊਂਸਾਂਗ ਦਾ ਭਾਰਤ ਵਿਚ ਆਉਣਾ ਤੇ ਲੰਮਾ ਸਮਾਂ ਰਹਿਣਾ ਸੀ। ਉਹ 3000 ਮੀਲ ਦਾ ਲੰਮਾ ਸਫਰ ਕੱਟ 629 ਈ. ਵਿਚ ਭਾਰਤ ਆਇਆ। 643 ਈ. ਤੱਕ ਉਸ ਨੇ ਹਰਸ਼ ਦੇ ਹਰ ਪ੍ਰਾਂਤ ਦਾ ਭਰਮਨ ਕੀਤਾ। ਇਸ ਚੀਨੀ

ਯਾਤਰੀ ਨੇ ਲੋਕਾਂ, ਧਰਮਾਂ ਅਤੇ ਭਵਨਾਂ ਬਾਰੇ ਖੂਬ ਲਿਖਿਆ। ਉਹ ਕਸ਼ਮੀਰ ਰਾਹੀਂ ਵਾਪਸ ਗਿਆ। ਬੋਧੀ ਗਿਆਨ ਤੇ ਸਿੱਖਿਆ ਲਈ। ਉਸ ਦਾ ਹਰਸ਼ ਵੱਲੋਂ ਅਤੇ ਚੀਨ ਦੇ ਬਾਦਸ਼ਾਹ ਵੱਲੋਂ – ਜਿਸ ਦਾ ਨਾਮ ਤਾਂਗ (Tang) ਸੀ – ਪੁਰਜੋਰ ਸਵਾਗਤ ਹੋਇਆ। ਹਿਊਂਸਾਂਗ ਦੀ ਮੌਤ 664 ਈ. ਵਿਚ ਹੋਈ ਅਤੇ ਉਸ ਨੂੰ ਅੱਜ ਵੀ ਬੋਧੀ ਧਰਮ ਦੀ ਸਭ ਤੋਂ ਉੱਚੀ ਉਪਾਧੀ ਜਾਂ ਖ਼ਿਤਾਬ ਮਾਸਟਰ ਆਫ ਦੀ ਲਾਅ ਨਾਲ ਯਾਦ ਕੀਤਾ ਜਾਂਦਾ ਹੈ।

## ਕਨੌਜ ਅਤੇ ਪ੍ਰਯਾਗ ਦੀ ਸਭਾਵਾਂ :

ਹਿਊਂਸਾਂਗ ਅਤੇ ਹਰਸ਼ ਪਹਿਲੀ ਵਾਰ ਬੰਗਾਲ ਵਿਚ ਮਿਲੇ। ਉਸ ਦੇ ਸਤਿਕਾਰ ਵਿਚ ਹਰਸ਼ ਨੇ ਕਨੌਜ ਦੀ ਸਭਾ ਬੁਲਾਈ। ਸਭਾ ਵਿਚ ਅਸਾਮ ਅਤੇ ਵੱਲਭੀ ਦੇ ਰਾਜਿਆਂ ਸਮੇਤ ਅਨੇਕ ਰਾਜੇ ਹਿੱਸੇਦਾਰ ਸਨ। ਵੱਡੀ ਗਿਣਤੀ ਵਿਚ ਭਿਕਸ਼ੂ, ਬ੍ਰਾਹਮਣ ਅਤੇ ਵਿਦਵਾਨ ਸ਼ਾਮਲ ਹੋਏ। ਇਹ ਸਭ ਮੁੱਖ ਰੂਪ ਵਿਚ ਮਹਾਯਾਨ ਦੀ ਪ੍ਰਸ਼ੰਸਾ ਲਈ ਸੀ। ਇਸ ਕਾਰਨ ਅਨੇਕਾਂ ਬ੍ਰਾਹਮਣ ਤੇ ਭਿਕਸ਼ੂ ਨਿਰਾਸ਼ ਹੋਏ ਅਤੇ ਹਿਊਂਸਾਂਗ ਨੂੰ ਮਾਰਨ ਦੀ ਸਾਜਿਸ਼ ਰਚੀ ਗਈ।

ਹਾਲਾਤ ਦੀ ਗੰਭੀਰਤਾ ਅਤੇ ਆਪਣੇ ਭਗਤੀ–ਭਾਵ ਕਾਰਨ ਹਰਸ਼ ਹਿਊਂਸਾਂਗ ਨੂੰ ਪ੍ਰਯਾਗ ਲੈ ਗਿਆ ਜਿੱਥੇ 643 ਈ. ਨੂੰ ਸਭਾ ਬੁਲਾਈ ਗਈ। ਸਭਾ ਵਿਚ 5 ਲੱਖ ਲੋਕਾਂ ਅਤੇ 20 ਰਾਜਿਆਂ ਨੇ ਹਿੱਸਾ ਲਿਆ। ਸਭਾ ਵਿਚ ਬ੍ਰਾਹਮਣਾਂ, ਜੈਨੀਆਂ ਤੇ ਬੋਧੀਆਂ ਸਭ ਨੇ ਹਿੱਸਾ ਲਿਆ। ਬੁੱਧ ਦੀਆਂ ਮੂਰਤੀਆਂ ਦੀ ਸੂਰਜ ਤੇ ਸ਼ਿਵ ਵਾਂਗ ਪੂਜਾ ਕੀਤੀ ਗਈ। ਇਹ ਸਭਾ ਹਰਸ਼ ਦੁਆਰਾ ਕੀਤੀਆਂ ਛੇ ਸਭਾਵਾਂ ਵਿਚੋਂ ਇਕ ਸੀ। ਵੈਸੇ ਵੀ ਉਹ ਹਰ ਪੰਜ ਸਾਲਾਂ ਪਿਛੋਂ ਪੁਜਾਰੀਆਂ ਅਤੇ ਗਰੀਬਾਂ ਨੂੰ ਖਾਸਾ ਪੁੰਨ–ਦਾਨ ਕਰਦਾ ਸੀ।

## ਮੌਤ :

ਹਰਸ਼ 647 ਈ. ਵਿਚ ਕਾਲਵਾਸ ਹੋਇਆ। ਉਹ ਬੇ–ਔਲਾਦ ਸੀ। ਮੌਤ ਕਾਰਨ ਸਾਮਰਾਜ ਗੜਬੜੀ ਅਤੇ ਭਿਅੰਕਰ ਅਕਾਲ ਦਾ ਸ਼ਿਕਾਰ ਹੋਇਆ। ਇਕ ਮੰਤਰੀ ਨੇ ਗੱਦੀ ਤੇ ਕਬਜਾ ਕਰ ਲਿਆ। ਪਰੰਤੂ ਛੇਤੀ ਹੀ ਉਸ ਨੂੰ ਤਿੱਬਤ ਅਤੇ ਅਸਾਮ ਦੇ ਰਾਜਿਆਂ ਦੀ ਸਾਂਝੀ ਫੌਜ ਨੇ ਕੈਦ ਕਰ ਲਿਆ।

ਹਰਸ਼ ਦੀ ਮੌਤ ਪਿਛੋਂ ਉੱਤਰੀ ਭਾਰਤ ਛੋਟੇ ਛੋਟੇ ਰਾਜਾਂ ਵਿਚ ਵੰਡਿਆ ਗਿਆ। 647 ਈ. ਉਪਰੰਤ ਕਿਸ ਪ੍ਰਾਂਤ ਵਿਚ ਕੀ ਵਾਪਰਿਆ ? ਕਹਿਣਾ ਮੁਸ਼ਕਲ ਹੈ। ਉੱਧਰ ਦੱਖਣ ਵਿਚ ਪੁਲਕੇਸ਼ਨ ਦੂਜੇ ਦੀ 642 ਈ. ਵਿਚ ਹਾਰ ਅਤੇ ਮੌਤ ਹੋ ਚੁੱਕੀ ਸੀ। ਪੱਲਵ ਰਾਜੇ ਨਰਸਿੰਮਹਾ ਵਰਮਨ ਨੇ ਉਸ ਨੂੰ ਹਰਾ ਦਿੱਤਾ ਸੀ।

ਇਸ ਤਰ੍ਹਾਂ ਹਰਸ਼ ਦੀ ਮੌਤ ਨਾਲ ਭਾਰਤੀ ਇਤਿਹਾਸ ਆਪਣੇ ਨਵੇਂ ਯੁੱਗ ਵੱਲ ਵਧਣਾ ਸ਼ੁਰੂ ਹੋਇਆ। ਦਿੱਲੀ ਸਲਤਨਤ ਦੇ ਜਨਮ ਤੱਕ (1206 ਏ.ਡੀ.) ਉੱਤਰੀ ਭਾਰਤ ਰਾਜਨੀਤਕ ਤੌਰ ਤੇ ਛਿੰਨ–ਭਿੰਨ ਰਿਹਾ।

## ਹਰਸ਼ – ਇਕ ਮੁਲਾਂਕਣ :

ਹਰਸ਼ ਦੀ ਮਹਾਨਤਾ ਸਿਰਫ ਉਸ ਦੀਆਂ ਵੱਡੀਆਂ ਰਾਜਨੀਤਕ ਅਤੇ ਫੌਜੀ ਪ੍ਰਾਪਤੀਆਂ ਕਰਕੇ ਨਹੀਂ ਸੀ। ਸਾਹਿਤ ਅਤੇ ਸਿੱਖਿਆ ਨੂੰ ਉਸ ਦੀ ਅਮੀਰ ਸਰਪ੍ਰਸਤੀ ਵੀ ਪ੍ਰਭਾਵਸ਼ਾਲੀ ਸਖਸ਼ੀਅਤ ਦਾ ਸਬੂਤ ਸੀ। *ਰਤਨਾਵਲੀ, ਨਾਗਨੰਦ* ਅਤੇ *ਪ੍ਰਿਯਦਰਸ਼ਿਕ* ਤਿੰਨ ਨਾਟਕ ਹਰਸ਼ ਦੇ ਲਿਖੇ ਦੱਸੇ ਜਾਂਦੇ ਹਨ। ਚੀਨੀ ਯਾਤਰੀ ਇਤਸੰਗ (Itsing) ਦੱਸਦਾ ਹੈ ਕਿ ਹਰਸ਼ ਸਾਹਿਤ ਵਿਚ ਬੇਹੱਦ ਰੁਚੀ ਰੱਖਦਾ ਸੀ। ਜੈ ਦੇਵ ਨੇ ਉਸ ਦੀ ਤੁਲਨਾ ਕਾਲੀਦਾਸ ਨਾਲ ਕੀਤੀ। ਹਿਊਂਸਾਂਗ ਅਨੁਸਾਰ ਭੂਮੀ ਮਾਲੀਏ ਦਾ ਚੌਥਾ ਹਿੱਸਾ ਮਸ਼ਹੂਰ ਵਿਦਵਾਨਾਂ ਦੇ ਇਨਾਮ ਲਈ ਰੱਖਿਆ ਜਾਂਦਾ ਸੀ। ਇਕ ਸੌ ਪਿੰਡਾਂ ਦਾ ਮਾਮਲਾ ਨਾਲੰਦਾ ਯੂਨੀਵਰਸਿਟੀ ਨੂੰ ਗ੍ਰਾਂਟ ਦੇ ਰੂਪ ਵਿਚ ਦਿੱਤਾ ਗਿਆ।

ਬੋਧੀ ਧਰਮ ਦਾ ਪੱਕਾ ਪੈਰੋਕਾਰ ਹੋਣ ਦੇ ਬਾਵਜੂਦ ਉਸ ਵਿਚ ਬੇਹੱਦ ਧਾਰਮਿਕ ਸ਼ਹਿਨਸੀਲਤਾ ਸੀ।

ਲੋਕ ਭਲਾਈ ਹੇਤੂ ਕੀਤੀਆਂ ਉਸਾਰੀਆਂ ਹਰਸ਼ ਦੇ ਅਸ਼ੋਕ ਵਾਂਗ ਲੋਕਪ੍ਰਿਯ ਹੋਣ ਦਾ ਸਬੂਤ ਸਨ। ਸਾਮਰਾਜ ਵਿਚ ਗਰੀਬਾਂ, ਬਿਮਾਰਾਂ ਅਤੇ ਮੁਸਾਫਰਾਂ ਦੀ ਭਲਾਈ ਲਈ ਥਾਵਾਂ ਬਣਾਈਆਂ ਗਈਆਂ।

ਪ੍ਰਮੁੱਖ ਰਾਹਾਂ ਉੱਪਰ ਹਸਪਤਾਲ ਬਣਾਏ ਗਏ। ਮੁਫਤ ਖੁਰਾਕ ਵੀ ਦਿੱਤੀ ਜਾਂਦੀ ਸੀ।

## ਪਾਠ ਵਿਚ ਆਏ ਤਕਨੀਕੀ ਸ਼ਬਦ ਅਤੇ ਸੰਕਲਪ

(1) ਹੂਣ ਜਾਂ ਹਣ
(2) ਮੰਦਸੋਰ ਸ਼ਿਲਾਲੇਖ
(3) ਸੀ.ਯੂ.ਕੀ.
(4) ਹਰਸ਼ ਚਰਿਤ
(5) ਬੰਸਖੇਰਾ ਅਤੇ ਮਧੂਬਨ ਅਭਿਲੇਖ
(6) ਆਈਹੋਲ ਅਭਿਲੇਖ
(7) ਪੰਜ ਸ਼ਕਤੀਆਂ
(8) ਸ਼ਕਲ-ਉੱਤਰ ਪੱਥ ਨਾਥ
(9) ਮਹਾਂ ਸੰਧੀ ਵੀਗਰਿਹ ਅਧੀਕਾਰੀਤਾ
(10) ਪਰਤੀਹਾਰਾ ਅਤੇ ਮਹਾਂ ਪਰਤੀਹਾਰਾ
(11) ਭੁਕਤੀ, ਵਿਸ਼ ਅਤੇ ਪਾਠਕ
(12) ਮਹਾਤਰਾਜ

## ਤੁਹਾਡੇ ਅਭਿਆਸ ਲਈ ਛੋਟੇ ਪ੍ਰਸ਼ਨ

(1) ਹੂਣਾ ਦੇ ਮੁਖੀ ਕੌਣ ਸਨ ? ਹੂਣਾ ਨੂੰ ਮਾਲਵੇ ਵਿਚੋਂ ਕਿਸ ਨੇ ਬਾਹਰ ਧੱਕਿਆ ?
(2) ਪਿਛਲੇਰੇ ਗੁਪਤ ਰਾਜਿਆਂ ਦੀ ਸੂਚੀ ਬਣਾਓ।
(3) ਵੱਲਭੀ ਰਾਜ ਕਿੱਥੇ ਸੀ ?
(4) ਕਨੌਜ ਕਦੋਂ ਹਰਸ਼ਵਰਧਨ ਦੀ ਰਾਜਧਾਨੀ ਬਣਿਆ ?
(5) ਹਿਊਂਸਾਂਗ ਕਿਸ ਰਸਤੇ ਰਾਹੀਂ ਭਾਰਤ ਆਇਆ ?
(6) ਗੰਜਮ ਕਿਸ ਇਲਾਕੇ ਦਾ ਨਾਮ ਹੈ ?
(7) ਹਰਸ਼ਵਰਧਨ ਨੇ ਬੰਗਾਲ ਨੂੰ ਕਦੋਂ ਤੇ ਕਿਵੇਂ ਜਿੱਤਿਆ ?
(8) ਹਰਸ਼ ਦੇ ਸਾਮਰਾਜ ਦੀਆਂ ਹੱਦਾਂ ਦਾ ਖਾਕਾ ਪੇਸ਼ ਕਰੋ।
(9) 'ਮਾਸਟਰ ਆਫ ਦੀ ਲਾਅ' ਕਿਸ ਦੀ ਉਪਾਧੀ ਸੀ ?
(10) ਪਰਯਾਗ ਦੀ ਸਭਾ ਕਦੋਂ ਹੋਈ ?

## ਲੰਮੇ ਪ੍ਰਸ਼ਨ

(1) ਹਰਸ਼ਵਰਧਨ ਦੇ ਸਮੇਂ ਅਤੇ ਰਾਜ ਨਾਲ ਸੰਬੰਧਤ ਇਤਿਹਾਸਕ ਸੋਮਿਆਂ ਦਾ ਵਰਨਣ ਕਰੋ।
(2) ਹਰਸ਼ ਸਾਹਮਣੇ ਪ੍ਰਮੁੱਖ ਚੁਣੌਤੀ ਕੀ ਸੀ ? ਅਸਾਮ ਅਤੇ ਗੁਜਰਾਤ ਨਾਲ ਉਸ ਦੇ ਸੰਬੰਧਾਂ ਦਾ ਵਰਨਣ ਕਰੋ।
(3) ਹਰਸ਼ ਦੀਆਂ ਜਿੱਤਾਂ ਦਾ ਵਰਨਣ ਕਰੋ।
(4) ਧਰਮ, ਸਿੱਖਿਆ ਅਤੇ ਸਾਹਿਤ ਲਈ ਹਰਸ਼ ਨੇ ਕੀ ਕੀਤਾ ?
(5) ਹਰਸ਼ ਦੀ ਸ਼ਖਸੀਅਤ ਤੇ ਪ੍ਰਾਪਤੀਆਂ ਦਾ ਮੁਲਾਂਕਣ ਕਰੋ।

## ਵਧੇਰੇ ਜਾਣਕਾਰੀ ਲਈ ਪੁਸਤਕਾਂ :

(1) ਐਸ.ਐਨ.ਸੈਨ, ਏਨੀਸੈਂਟ ਇੰਡੀਅਨ ਹਿਸਟਰੀ ਐਂਡ ਸਿਵਲਾਈਜੇਸ਼ਨ, ਪੰਨੇ 252-264
(2) ਰੋਮੀਲਾ ਥਾਪਰ, ਏਨੀਸੈਂਟ ਇੰਡੀਆ, ਪੰਨੇ 141-46
(3) ਅਰੋੜਾ ਅਤੇ ਸੀਕਰੀ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨੇ 229-308
(4) ਪੀ.ਸਪੇਅਰ (ਐਡੀ.), The Oxford History of India, ਪੰਨੇ 177-189

**ਪਾਠ ਨੰ.-2.4** **ਲੇਖਕ : ਨਾਜ਼ਰ ਸਿੰਘ** **ਸੈਕਸ਼ਨ:ਬੀ**

# ਦੱਖਣ ਦੇ ਵੰਸ਼ - ਚਾਲੂਕੀਆ, ਰਾਸ਼ਟਰਕੂਟ ਅਤੇ ਚੋਲ ਵੰਸ਼

## ਪਾਠ ਦੀ ਬਣਤਰ

ਉੱਦੇਸ਼
ਜਾਣ ਪਛਾਣ (Introduction)
ਦੱਖਣ ਅਤੇ ਧੁਰ ਦੱਖਣ (the Deccan and the Far-South)
ਆਰੀਅਨ ਪ੍ਰਭਾਵ ਤੇ ਸੰਖੇਪ ਇਤਿਹਾਸ
ਚਾਲੂਕੀਆ ਰਾਜ ਵੰਸ਼ - ਵਤਾਪੀ ਬ੍ਰਾਂਚ
ਮਹੱਤਵਪੂਰਣ ਚਾਲੂਕੀਆ ਸ਼ਾਸਕ (Prominent Chalukyia Kings)
ਚਾਲੂਕੀਆ ਦੀ ਕਲਿਯਾਣੀ ਬ੍ਰਾਂਚ
ਰਾਸ਼ਟਰਕੂਟ ਵੰਸ਼ ਅਤੇ ਸ਼ਾਸਕ (The Rashtrakutas and their kings)
ਦੂਰ ਜਾਂ ਧੁਰ-ਦੱਖਣ (The Far-South)
ਚੋਲ ਵੰਸ਼ (The Cholas)
ਮਹੱਤਵਪੂਰਣ ਚੋਲ ਸ਼ਾਸਕ (Important Chola Kings)
ਚੋਲੀਆ ਦਾ ਰਾਜ ਪ੍ਰਬੰਧ (The Chola Administration)
ਸਮਾਜਿਕ ਤੇ ਆਰਥਿਕ ਜੀਵਨ
ਮਹੱਤਵਪੂਰਨ ਸ਼ਬਦ
ਛੋਟੇ ਅਤੇ ਲੰਮੇ ਪ੍ਰਸ਼ਨ
ਹੋਰ ਜਾਣਕਾਰੀ ਲਈ ਪੁਸਤਕਾਂ

## ਉੱਦੇਸ਼ :

ਇਹ ਪਾਠ ਤੁਹਾਨੂੰ ਹੇਠ ਲਿਖੇ ਕਾਰਜ ਕਰਨ ਵਿਚ ਮੱਦਦਗਾਰ ਹੋਵੇਗਾ :

1) ਦੱਖਣ ਅਤੇ ਧੁਰ-ਦੱਖਣ ਦੇ ਪ੍ਰਾਚੀਨ ਇਤਿਹਾਸ ਦਾ ਰੇਖਾ-ਚਿੱਤਰ ਤਿਆਰ ਕਰਨ ਲਈ।
2) ਹਰਸ਼ਵਰਧਨ ਦੀ ਮੌਤ ਪਿੱਛੋਂ ਭਾਰਤੀ ਰਾਜਨੀਤੀ ਦੇ ਖੇਤਰੀ-ਕਰਨ ਦੀ ਪ੍ਰਕਿਰਿਆ ਨੂੰ ਸਮਝਣ ਲਈ (It will give you some hints about the Regionalization of Indian Polity in the post-Harsha Phase)
3) ਭਾਰਤੀ ਜੀਵਨ ਦੀ ਅਨੇਕਤਾ ਵਿਚ ਏਕਤਾ ਦਾ ਅਹਿਸਾਸ

## ਭੂਮਿਕਾ (Introduction)

ਦੱਖਣ ਅਤੇ ਧੁਰ-ਦੱਖਣ ਦੇ ਇਤਿਹਾਸ ਦੀਆਂ ਦੋ ਖਾਸ ਵਿਸ਼ੇਸ਼ਤਾਵਾਂ ਸਨ। ਪ੍ਰਾਚੀਨ ਕਾਲ ਤੋਂ ਹੀ ਇਥੇ ਤਿੰਨ ਪ੍ਰਮੁੱਖ ਸ਼ਕਤੀਆਂ ਆਪਸ ਵਿਚ ਟਕਰਾਂਦੀਆਂ ਰਹੀਆਂ। ਦੱਖਣ ਵਿਚ ਇਹ ਸ਼ਕਤੀਆਂ ਸਨ (1)

ਚਾਲੂਕੀਆ (2) ਰਾਸ਼ਟਰਕੂਟ ਅਤੇ ਪਾਂਡੀਆ। ਇਸ ਤੋਂ ਅੱਗੇ ਧੁਰ-ਦੱਖਣ ਜਾਂ ਤਾਮਿਲਨਾਡੂ ਵਿਚ ਇਹ ਸ਼ਕਤੀਆਂ ਸਨ (1) ਚੋਲ (2) ਰਾਸ਼ਟਰਕੂਟ ਅਤੇ ਪਾਂਡੀਆ। ਇਸ ਤਿਕੋਣੇ ਸੰਘਰਸ਼ ਵਿਚ ਕੋਈ ਵੀ ਸ਼ਕਤੀ ਦੱਖਣ ਅਤੇ ਧੁਰ ਦੱਖਣ ਨੂੰ ਇਕੱਠਾ ਨਹੀਂ ਕਰ ਸਕੀ। ਸਮੇਂ ਸਮੇ ਸਿਰ ਕੋਈ ਇਕ ਸ਼ਕਤੀ ਉਭਰਦੀ ਪਰੰਤੂ ਬਾਕੀ ਦੋ ਉਸ ਦੀ ਦੁਸ਼ਮਣ ਬਣ ਜਾਂਦੀਆਂ।

ਦੂਸਰੀ ਖੂਬੀ ਇਹ ਸੀ ਕਿ ਇਹ ਸਾਰੇ ਹੀ ਵੰਸ਼ ਮੁੱਖ ਰੂਪ ਵਿਚ ਹਿੰਦੂ ਸਨ ਪਰੰਤੂ ਆਰੀਅਨ ਪ੍ਰਭਾਵ ਕਾਫੀ ਘੱਟ ਸੀ। ਇਨ੍ਹਾਂ ਜ਼ਮੀਨੀ ਰਿਆਸਤਾਂ (agrarian kingdoms) ਦੇ ਸ਼ਾਸਕ ਅਕਸਰ ਬ੍ਰਾਹਮਣ ਹੋਣ ਕਰਕੇ ਉੱਚ-ਜਾਤੀਆਂ ਦੀ ਸਰਦਾਰੀ ਬਣੀ ਰਹੀ। ਖੇਤਰੀ ਭਾਵਨਾ ਦਾ ਵਿਕਾਸ ਉੱਤਰੀ ਭਾਰਤ ਨਾਲੋਂ ਵੱਧ ਸੀ। ਰਾਸ਼ਟਰਕੂਟ ਅਤੇ ਚੋਲ ਵੰਸ਼ਾਂ ਨੇ ਕਨ੍ਹੜ ਅਤੇ ਤਾਮਿਲ ਭਾਸ਼ਾ ਤੇ ਸਭਿਆਚਾਰ ਵਿਚ ਅਹਿਮ ਭੂਮਿਕਾ ਨਿਭਾਈ। ਚਾਲੂਕੀਆ ਦਾ ਆਧਾਰ ਮਹਾਰਾਸ਼ਟਰ ਹੋਣ ਕਰਕੇ ਇਹ ਮੱਧ ਪ੍ਰਦੇਸ਼ ਤੇ ਗੁਜਰਾਤ ਰਾਹੀਂ ਉੱਤਰੀ ਭਾਰਤ ਨਾਲ ਬਾਕੀਆਂ ਨਾਲੋਂ ਵੱਧ ਜੁੜੇ ਰਹੇ।

## ਦੱਖਣ ਦੀ ਪਠਾਰ ਅਤੇ ਧੁਰ ਦੱਖਣ (The Deccan Plateau and the far-South):

ਪੈਨਿਨਸੂਲਰ ਭਾਰਤ ਦੋ ਭੂਗੋਲਿਕ-ਇਤਿਹਾਸਕ ਇਕਾਈਆਂ ਵਿਚ ਵੰਡਿਆ ਜਾਂਦਾ ਹੈ। ਇਹ ਹਨ (1) ਦੱਖਣ ਦੀ ਪਠਾਰ ਜਿਸ ਨੂੰ ਆਮ ਤੌਰ ਤੇ ਦੱਖਣ (the Deccan) ਕਿਹਾ ਜਾਂਦਾ ਹੈ (2) ਧੁਰ ਜਾਂ ਦੂਰ ਦੱਖਣ ਭਾਵ ਤਾਮਿਲ ਭੂਮੀ।

## ਦੱਖਣ ਕੀ ਹੈ ?

ਦੱਖਣੀ ਪਠਾਰ ਦਾ ਉਹ ਹਿੱਸਾ ਜਿਹੜਾ ਉੱਤਰ ਵਲੋਂ ਮਹਾਨਦੀ ਤੇ ਗੋਦਾਵਰੀ ਤੋਂ ਸ਼ੁਰੂ ਹੋ ਕੇ ਦੱਖਣ ਵਿਚ ਕ੍ਰਿਸ਼ਨਾ ਅਤੇ ਤੁੰਗਭੱਦਰਾ ਤੱਕ ਜਾਂਦਾ ਹੈ ਅਤੇ ਪੱਛਮ ਵਿਚ ਅਰਬ ਸਾਗਰ ਤੋਂ ਪੂਰਬ ਵਿਚ ਖਾੜੀ ਬੰਗਾਲ ਤੱਕ ਫੈਲਿਆ ਹੈ, ਦੱਖਣ ਅਖਵਾਉਂਦਾ ਹੈ। ਇਤਿਹਾਸਕ ਤੌਰ ਤੇ ਦੱਖਣ ਦੇ ਤਿੰਨ ਉਪ-ਭਾਗ ਸਨ (ੳ) ਮਹਾਰਾਸ਼ਟਰ ਤੇ ਮੱਧ ਪ੍ਰਦੇਸ਼ ਦਾ ਕੁੱਝ ਇਲਾਕਾ (ਅ) ਹੈਦਰਾਬਾਦ ਅਤੇ ਬੇਰਾਰ ਜਾਂ ਪੁਰਾਣਾ ਮੈਸੂਰ ਰਾਜ (ੲ) ਤਾਮਿਲ ਭੂਮੀ। ਦੂਰ-ਦੱਖਣ ਜਾਂ ਧੁਰ ਦੱਖਣ ਤਾਮਿਲ ਭੂਮੀ ਸੀ।

## ਆਰੀਅਨ ਪ੍ਰਭਾਵ :

ਭਾਵੇਂ ਕਿ ਸੰਸਕ੍ਰਿਤ ਭਾਸ਼ਾ ਵਿਚ ਦਖ਼ਸ਼ਨ ਅਤੇ ਦਖਸ਼ਨ ਪੱਥ ਦਾ ਜ਼ਿਕਰ ਆਉਂਦਾ ਹੈ ਪਰੰਤੂ ਵੈਦਿਕ ਸਾਹਿਤ ਵਿਚ ਗੋਦਾਵਰੀ ਅਤੇ ਕ੍ਰਿਸ਼ਨਾ ਦਾ ਜ਼ਿਕਰ ਨਹੀਂ। ਦੱਖਣ ਉਪਰ ਆਰੀਅਨ ਪ੍ਰਭਾਵ ਦੋ ਏਜੰਸੀਆਂ ਰਾਹੀਂ ਪਿਆ। ਪਹਿਲੀ ਏਜੰਸੀ ਮੋਰੀਅਨ ਸਾਮਰਾਜ ਖਾਸ ਕਰਕੇ ਅਸ਼ੋਕ ਦੀਆਂ ਨੀਤੀਆਂ ਕਾਰਨ ਸੀ ਅਤੇ ਦੂਸਰੀ ਏਜੰਸੀ ਧਾਰਮਿਕ ਮਿਸ਼ਨਰੀ (ਬੋਧੀ ਅਤੇ ਬ੍ਰਾਹਮਣ) ਸਨ। ਅਸ਼ੋਕ ਦੇ ਸ਼ਿਲਾਲੇਖ (Edicts of Asoka) ਵਿਚ ਚੋਲਾਂ, ਪਾਂਡੀਆ, ਸਤਿਆਪੁਤਰਾਂ, ਕੇਰਲਪੁਤਰਾ ਅਤੇ ਤਮਬਾਪਾਣੀ (Cyclon) ਦਾ ਜ਼ਿਕਰ ਹੈ।

## ਸੰਖੇਪ ਰਾਜਨੀਤਕ ਇਤਿਹਾਸ :

250 ਬੀ.ਸੀ. ਤੋਂ ਲੈ ਕੇ ਅਗਲੇ 450 ਸਾਲਾਂ ਤੱਕ ਦੱਖਣ ਉੱਪਰ ਸਾਤਵਾਹਨ ਵੰਸ਼ ਦਾ ਰਾਜ ਸੀ। ਇਹ ਰਾਜ ਉੱਤਰ ਵਿਚ ਨਰਬਦਾ ਤੋਂ ਸ਼ੁਰੂ ਹੋ ਕੇ ਦੱਖਣ ਵਿਚ ਤੁੰਗਭੱਦਰਾ ਤੇ ਖਤਮ ਹੁੰਦਾ ਸੀ। 300 ਈ. ਤੱਕ ਸਾਤਵਾਹਨ ਦੀ ਰਾਜਸੀ ਸ਼ਕਤੀ ਖਤਮ ਹੋਣ ਨਾਲ ਅਨੇਕਾਂ ਛੋਟੇ ਰਾਜ ਜਨਮ ਲੈ ਚੁੱਕੇ ਸਨ। ਗੁਜਰਾਤ, ਕੌਨਕਨ ਅਤੇ ਨਾਸ਼ਿਕ ਤੇ ਖਾਨਦੇਸ਼ ਸਮੇਤ ਉੱਤਰੀ ਮਹਾਰਾਸ਼ਟਰ ਉੱਪਰ ਅਭੀਰਾ (Abhiras) ਦਾ ਰਾਜ ਹੋ ਗਿਆ। ਆਂਧਰਾ ਇਲਾਕੇ ਇਕਸਵਕਸ਼ੂ (Ikshvakus) ਅਧੀਨ ਸਨ। ਚਾਲੂਕੀਆ ਨੂੰ ਰਸਤਾ ਵਿਖਾਉਣ ਵਾਲੇ ਵਕਾਟਕ (the Vakatakas) ਸਮੁੱਚੇ ਹੈਦਰਾਬਾਦ ਸੂਬੇ ਉੱਪਰ ਰਾਜ ਕਰਨ ਲੱਗੇ। ਇਸ ਵਿਚ ਮਹਾਰਾਸ਼ਟਰ, ਬੇਰਾਰ ਤੇ ਮੱਧ ਪ੍ਰਦੇਸ਼ ਦੇ ਕੁੱਝ ਹਿੱਸੇ ਵੀ ਸ਼ਾਮਿਲ ਸਨ।

600 ਈ. ਤੋਂ 900 ਈ. ਤੱਕ ਦੱਖਣ ਦੀਆਂ ਤਿੰਨ ਸ਼ਕਤੀਆਂ ਆਪਸ ਵਿਚ ਭਿੜਦੀਆਂ ਰਹੀਆਂ। ਇਹ ਸਨ-

(1) ਬਦਾਮੀ ਦੇ ਚਾਲੂਕੀਆ ਜਾਂ ਚਾਲੁਕਯ

(2) ਕਾਂਚੀ ਦੇ ਪੱਲਵ

(3) ਮਦੁਰਾ ਦੇ ਪਾਂਡੀਆ

8ਵੀਂ ਸਦੀ ਦੇ ਅੱਧ ਤੱਕ ਚਾਲੂਕੀਆ ਸ਼ਕਤੀ ਸਮਾਪਤ ਹੋਣ ਨਾਲ ਉਨ੍ਹਾਂ ਦੀ ਥਾਂ ਰਾਸ਼ਟਰਕੂਟਾਂ ਨੇ ਪੂਰੀ। ਨੌਵੀਂ ਅਤੇ ਦਸਵੀਂ ਸਦੀ ਰਾਸ਼ਟਰਕੂਟਾਂ ਦੀ ਸਦੀ ਸੀ। ਇਨ੍ਹਾਂ ਦੇ ਪਤਨ ਵਿਚ ਚਾਲੂਕੀਆ ਦੀ ਛੋਟੀ ਸ਼ਾਖ ਜਿਨ੍ਹਾਂ ਨੂੰ ਕਲਿਆਣੀ ਦੇ ਚਾਲੂਕੀਆ ਵੀ ਆਖਦੇ ਹਨ, ਨੇ ਮਹੱਤਵਪੂਰਨ ਰੋਲ ਨਿਭਾਇਆ। ਦੂਰ ਦੱਖਣ ਵਿਚ 1000 ਈ. ਤੋਂ 1200 ਈ. ਤੱਕ ਚੋਲ ਵੰਸ਼ ਦਾ ਸ਼ਾਨਦਾਰ ਤੇ ਸ਼ਕਤੀਸਾਲੀ ਰਾਜ ਸੀ।

## ਚਾਲੂਕੀਆ ਰਾਜ–ਵੰਸ਼ :

ਚਾਲੂਕੀਆ ਦੀ ਉਤਪਤੀ ਬਾਰੇ ਦੋ ਵਿਰੋਧੀ ਦਲੀਲਾਂ ਹਨ। ਇਤਿਹਾਸਕਾਰ ਸ੍ਰੀ ਨਿਵਾਸ ਅਚਾਰੀਆ ਅਤੇ ਆਇੰਗਰ ਉਨ੍ਹਾਂ ਨੂੰ ਉੱਤਰੀ ਭਾਰਤ ਤੋਂ ਗਏ ਕਸ਼ੱਤਰੀ ਮੰਨਦੇ ਹਨ। ਜਦੋਂ ਕਿ ਵੀ.ਏ.ਸਮਿੱਥ ਉਨ੍ਹਾਂ ਨੂੰ ਗੁਜਰਾਤ ਦੇ ਪਰਤੀਹਾਰਾਂ ਵਿਚੋਂ ਮੰਨਦੇ ਹਨ। ਖੈਰ ਚਾਲੂਕੀਆ ਵੀ ਜਮੀਂਦਾਰਾ ਜਾਤੀ ਸੀ। ਹਿਊਸਾਂਗ ਦੱਸਦਾ ਹੈ ਕਿ ਹਰਸ਼ ਦੇ ਸਮੇਂ ਦੱਖਣੀ ਭਾਰਤ ਵਿਚ ਅਨੇਕਾਂ ਜ਼ਮੀਂਦਾਰਾ ਰਿਆਸਤਾਂ (Agrarian Kingdom) ਜੋ ਕਿ ਵਿਸ਼ਾਲ ਨਹੀਂ ਸਨ, ਹੋਂਦ ਵਿਚ ਆ ਚੁੱਕੀਆਂ ਸਨ।, ਚਾਲੂਕੀਆ ਆਪਣਾ ਮੁੱਢ ਰਾਜਸਥਾਨ ਤੋਂ ਵੀ ਮੰਨਦੇ ਸਨ। ਪਰ ਕੁੱਝ ਇਤਿਹਾਸਕਾਰ ਉਨ੍ਹਾਂ ਨੂੰ ਕਰਨਾਟਕ ਵਾਸੀ ਆਖਦੇ ਹਨ। ਰਾਜ ਸਥਾਪਤੀ ਉਪਰੰਤ ਇਹ ਦੋ ਸ਼ਾਖਾਵਾਂ ਵਿਚ ਵੰਡੇ ਗਏ – (1) ਵਤਾਪੀ ਦੇ ਚਾਲੂਕੀਆ ਅਤੇ (2) ਕਲਯਾਣੀ ਦੇ ਚਾਲੂਕੀਆ।

## ਵਤਾਪੀ ਜਾਂ ਬਦਾਮੀ ਦੇ ਚਾਲੂਕੀਆ :

ਇਨ੍ਹਾਂ ਦੀ ਬੋਲੀ ਕਨ੍ਹੜ ਸੀ ਅਤੇ ਇਹ ਬ੍ਰਾਹਮਣ ਸਨ। ਇਨ੍ਹਾਂ ਦਾ ਹੂਣਾਂ ਜਾਂ ਹੋਰ ਵਿਦੇਸ਼ੀ ਜਾਤੀ ਨਾਲ ਕੋਈ ਸੰਬੰਧ ਨਹੀਂ ਸੀ। ਇਨ੍ਹਾਂ ਦੀ ਰਾਜਸੀ ਸ਼ਕਤੀ ਸਾਤਵਾਹਨਾਂ ਤੋਂ ਪਿੱਛੋਂ ਪੈਦਾ ਹੋਈ। ਇਨ੍ਹਾਂ ਦੇ ਰਾਜ ਦੀ ਸ਼ੁਰੂਆਤ ਵਤਾਪੀ ਜਿਲ੍ਹਾ ਬੀਜਾਪੁਰ ਤੋਂ 6ਵੀਂ ਸਦੀ ਈਸਵੀ ਵਿਚ ਹੋਈ। ਪੁਲਕੇਸ਼ਨ ਪਹਿਲਾ (535–66) ਇਸ ਦਾ ਬਾਨੀ ਸੀ। ਉਸ ਨੇ ਅਸ਼ਵਮੇਧ ਯੱਗ ਕੀਤਾ। ਪੁਲਕੇਸ਼ੀ ਦੇ ਪੁੱਤਰ ਕੀਰਤੀਵਰਮਨ ਪਹਿਲੇ (567–597) ਨੇ ਵਤਾਪੀ ਦੀ ਕਿਲ੍ਹੇਬੰਦੀ ਕੀਤੀ। ਉਸ ਨੇ ਬਸਤਰ ਅਤੇ ਕੋਨਕੁਣ ਦੇ ਇਲਾਕੇ ਜਿੱਤੇ। ਮਹਾਰਾਸ਼ਟਰ ਅਤੇ ਪੁਰਾਣੀ ਹੈਦਰਾਬਾਦ ਸਟੇਟ ਦੇ ਵੱਡੇ ਹਿੱਸੇ ਚਾਲੂਕੀਆ ਰਾਜ ਦਾ ਹਿੱਸਾ ਬਣੇ। ਬਦਾਮੀ ਦੇ ਖੂਬਸੂਰਤ ਮੰਦਰ ਕੀਰਤੀਵਰਮਨ ਨੇ ਬਣਵਾਏ।

## ਪੁਲਕੇਸ਼ੀ ਦੂਜਾ (610–643) :

ਪੁਲਕੇਸ਼ੀ ਦੂਜਾ ਇਸ ਵੰਸ਼ ਦਾ ਸਭ ਤੋਂ ਮਸ਼ਹੂਰ ਰਾਜਾ ਹੋਇਆ। ਉਹ ਕੀਰਤੀਵਰਮਨ ਪਹਿਲੇ ਦਾ ਪੁੱਤਰ ਸੀ ਪਰੰਤੂ ਉਸ ਤੋਂ ਪਹਿਲਾਂ ਉਸ ਦਾ ਚਾਚਾ ਮੰਗਲੇਸਾ (597–616) ਗੱਦੀ ਉੱਪਰ ਬੈਠਿਆ। ਮੰਗਲੇ ਸਾ ਨੇ ਗੁਜਰਾਤ, ਖਾਨਦੇਸ ਅਤੇ ਮਾਲਵਾ ਨੂੰ ਜਿੱਤਿਆ। ਪੁਲਕੇਸ਼ੀ ਦੂਜੇ ਨੂੰ ਗੱਦੀ ਪ੍ਰਾਪਤ ਕਰਨ ਲਈ ਆਪਣੇ ਚਾਚੇ ਨਾਲ ਯੁੱਧ ਕਰਨਾ ਪਿਆ। ਇਸ ਘਰੇਲੂ ਯੁੱਧ ਵਿਚ ਮੰਗਲੇਸ਼ਾ ਮਾਰਿਆ ਗਿਆ ਤੇ ਪੁਲਕੇਸ਼ੀ ਨੂੰ ਕਾਮਯਾਬੀ ਮਿਲੀ।

ਪੁਲਕੇਸ਼ੀ ਦੀ ਸਫਲਤਾ ਦੀ ਸ਼ੋਭਾ ਆਈਹੋਲ ਦੀ ਪ੍ਰਸਿੱਧ ਜੈਨ ਅਭਿਲੇਖ (634–35 ਈ.) ਵਿਚ ਮਿਲਦਾ ਹੈ। ਦਰਬਾਰੀ ਕਵੀ ਰਵੀਕੀਰਤੀ ਨੇ ਇਹ ਪ੍ਰਸਸਤੀ ਰਚੀ ਅਤੇ ਆਪਣੇ ਲਈ ਭੈਰਵੀ ਅਤੇ ਕਾਲੀਦਾਸ ਵਰਗੀ ਪ੍ਰਸਿੱਧੀ ਹਾਸਲ ਕੀਤੀ।

ਪੁਲਕੇਸ਼ੀ ਨੇ ਸ਼ੋਹਲਾਪੁਰ ਜਿੱਤਿਆ ਅਤੇ ਫਿਰ ਮੈਸੂਰ ਅਤੇ ਕੇਨਾਰਾ ਦੇ ਇਲਾਕੇ। ਕੋਨਕੁਣ ਵਿਚ ਆਪਣੀ ਸਥਿਤੀ ਮਜ਼ਬੂਤ ਕਰਕੇ ਉਹ ਅੱਗੇ ਵਧਿਆ ਅਤੇ ਐਲੀਫੈਂਟਾ ਟਾਪੂ ਉੱਪਰ ਸਥਿਤ ਪੁਰੀ ਸ਼ਹਿਰ ਨੂੰ ਜਿੱਤਿਆ, ਉਸ ਨੇ ਕਦੰਬਾ ਨੂੰ ਹਰਾਇਆ ਤੇ ਰਾਸ਼ਟਰਕੂਟਾਂ ਦਾ ਸਫਲਤਾ ਨਾਲ ਮੁਕਾਬਲਾ ਕੀਤਾ।

ਆਪਣੇ ਰਾਜ ਦੇ ਪਹਿਲੇ ਪੰਜ ਛੇ ਸਾਲਾਂ ਵਿਚ ਹੀ ਰਾਜ ਦੀਆਂ ਹੱਦਾਂ ਮਾਹੀ (Mahi) ਤੱਕ ਵਧਾ ਦਿੱਤੀਆਂ।

ਆਪਣੇ ਭਰਾ ਵਿਸ਼ਣੂਵਰਧਨ ਨੂੰ ਰਾਜਧਾਨੀ ਦਾ ਚਾਰਜ ਸੰਭਾਲ ਕੇ ਪੁਲਕੇਸ਼ੀ ਪੂਰਬੀ ਦੱਖਣ ਨੂੰ ਫਤਹਿ ਕਰਨ ਤੁਰ ਪਿਆ। ਦੱਖਣੀ ਕੌਸ਼ਲ ਅਤੇ ਕੋਸ਼ਲਾ ਨੂੰ ਹਰਾ ਕੇ ਉਸ ਨੇ ਆਪਣੀ ਹੱਦ ਗੋਦਾਵਰੀ ਜ਼ਿਲ੍ਹੇ ਤੱਕ ਵਧਾ ਲਈ। 620 ਈ. ਦੇ ਲਗਭਗ ਆਂਧਰਾ ਦੇ ਬਹੁਤ ਵੱਡੇ ਇਲਾਕੇ ਤੇ ਕਬਜਾ ਕਰ ਲਿਆ। ਰਾਜ ਦੇ ਇਨ੍ਹਾਂ ਨਵੇਂ ਜਿੱਤੇ ਇਲਾਕਿਆਂ ਨੂੰ ਸੰਗਠਿਤ ਕਰਕੇ ਇਨ੍ਹਾਂ ਦੀ ਵਾਗਡੋਰ ਵਿਸ਼ਣੂਵਰਧਨ ਨੂੰ ਸੌਂਪ ਦਿੱਤੀ। ਵਿਸ਼ਣੂ ਤਾਂ ਹਮੇਸ਼ਾ ਉਸ ਪ੍ਰਤੀ ਵਫਾਦਾਰ ਰਿਹਾ ਪਰੰਤੂ ਉਸ ਦੇ ਪੁੱਤਰ ਜੈ-ਸਿਨਹਾ ਪਹਿਲੇ ਨੇ ਆਪਣੀ ਅਜ਼ਾਦੀ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਚਾਲੂਕੀਆ ਦੀ ਵੇਂਗੀ (Vengi) ਸ਼ਾਖ ਦਾ ਜਨਮ ਹੋਇਆ।

## ਪੱਲਵਾਂ ਨਾਲ ਭੇੜ :

ਆਂਧਰਾ ਅਤੇ ਗੰਗਿਆਂ ਨੂੰ ਹਰਾ ਕੇ ਚਾਲੂਕੀਆ ਰਾਜ ਪੱਲਵ ਸ਼ਕਤੀ ਨਾਲ ਟਕਰਾ ਗਿਆ। ਇਸ ਤਰ੍ਹਾਂ ਕਰਨਾਟਕ ਅਤੇ ਤਾਮਿਲ ਸ਼ਕਤੀਆਂ ਵਿਚ ਉਸ ਸੰਘਰਸ਼ ਨੇ ਜਨਮ ਲਿਆ ਜਿਹੜਾ ਸਦੀਆਂ ਤੱਕ ਚਲਦਾ ਰਿਹਾ। ਇੰਝ ਆਂਧਰਾ ਤੇ ਮੈਸੂਰ ਰਾਜ ਕਰਨਾਟਕ ਤੇ ਤਾਮਿਲਾਂ ਵਿਚ ਭੇੜ ਦਾ ਹਮੇਸ਼ਾ ਸ਼ਿਕਾਰ ਵੀ ਬਣੇ ਅਤੇ ਲਾਭ ਵੀ ਉਠਾਉਂਦੇ ਰਹੇ। ਪੱਲਵ ਹੁਕਮਰਾਨ ਮਹਿੰਦਰ ਵਰਮਨ ਨੇ ਪੁਲਕੇਸ਼ੀ ਦਾ ਡਟ ਕੇ ਵਿਰੋਧ ਕੀਤਾ ਅਤੇ ਉਨ੍ਹਾਂ ਨੂੰ ਕਾਂਚੀ (Kanchi) ਵਿਖੇ ਰਾਜਧਾਨੀ ਤੋਂ 24 ਕਿ.ਮੀ. ਪਿੱਛੇ ਹੀ ਰੋਕ ਦਿੱਤਾ।

## ਹਰਸ਼ਵਰਧਨ ਨਾਲ ਯੁੱਧ :

ਜਦ ਪੁਲਕੇਸ਼ੀ ਆਪਣੀ ਸਥਿਤੀ ਦੱਖਣ ਵਿਚ ਮਜਬੂਤ ਕਰ ਰਿਹਾ ਸੀ, ਠੀਕ ਉਸ ਵੇਲੇ ਹਰਸ਼ਵਰਧਨ ਨੇ ਦੱਖਣ ਵੱਲ (631-34 ਈ.) ਵਧਣਾ ਸ਼ੁਰੂ ਕੀਤਾ। ਹਿਊਂਸਾਂਗ ਅਨੁਸਾਰ ਇਸ ਸੰਘਰਸ਼ ਕਾਰਨ ਹਰਸ਼ ਦਾ ਬਹੁਤ ਨੁਕਸਾਨ ਹੋਇਆ ਤੇ ਉਹ ਮਹਾਰਾਸ਼ਟਰ ਨੂੰ ਜਿੱਤ ਨਾ ਸਕਿਆ।

## ਪੱਲਵਾਂ ਹੱਥੋਂ ਹਾਰ :

ਪੁਲਕੇਸ਼ੀ ਦੀ ਆਖਰੀ ਮੁਹਿੰਮ ਨਿਰਾਸ਼ਾਜਨਕ ਤੇ ਉਸ ਲਈ ਤਬਾਹਕੁੰਨ ਸਾਬਤ ਹੋਈ। ਹਮਲਾ ਕਰਕੇ ਉਹ ਬਾਹਰੀ ਕਾਂਚੀ ਤੱਕ ਤਾਂ ਪਹੁੰਚ ਗਿਆ ਪਰੰਤੂ ਪੱਲਵ ਚੀਫ ਨਰ-ਸਿਨਹਾ ਵਰਮਨ ਪਹਿਲਾ ਸ੍ਰੀ ਲੰਕਾ ਦੇ ਰਾਜ ਕੁਮਾਰ ਮਾਨਾ ਵਰਮਾ ਦੀ ਸਹਾਇਤਾ ਪ੍ਰਾਪਤ ਕਰਨ ਵਿਚ ਸਫਲ ਰਿਹਾ ਅਤੇ ਦੋਹਾਂ ਨੇ ਪੁਲਕੇਸ਼ੀ ਨੂੰ ਪਿੱਛੇ ਹੀ ਨਾ ਧੱਕਿਆ ਸਗੋਂ ਅੱਗੇ ਵਧ ਕੇ ਰਾਜਧਾਨੀ ਬਦਾਮੀ ਤੇ ਵੀ ਕਬਜ਼ਾ ਕਰ ਲਿਆ। ਇਸ ਮੁਕਾਬਲੇ ਵਿਚ 643 ਈ. ਨੂੰ ਪੁਲਕੇਸ਼ੀ ਮਾਰਿਆ ਗਿਆ।

ਚਾਲੂਕਿਆ ਵੰਸ਼ ਦੇ ਮਹੱਤਵਪੂਰਨ ਸ਼ਾਸਕਾਂ ਵਿਚ ਪੁਲਕੇਸ਼ੀ ਦੂਜੇ ਦਾ ਨਾਮ ਪ੍ਰਮੁੱਖ ਹੈ। ਉਸ ਨੇ ਖੁਸਰੂ ਦੂਜੇ ਅਧੀਨ ਈਰਾਨ ਦਰਬਾਰ (625-26) ਨਾਲ ਸੰਬੰਧ ਸਥਾਪਤ ਕੀਤੇ। ਹਿਊਂਸਾਂਗ ਵੀ ਉਸ ਦੇ ਦਰਬਾਰ ਵਿਚ ਗਿਆ ਤੇ ਬਹੁਤ ਪ੍ਰਭਾਵਿਤ ਹੋਇਆ।

## ਉੱਤਰਾਧਿਕਾਰੀ :

ਪੁਲਕੇਸ਼ੀ ਦੂਜੇ ਦੀ ਮੌਤ ਪਿੱਛੋਂ ਚਾਲੂਕੀਆ ਦੇ ਇਸ ਵੰਸ਼ ਦਾ ਪਤਨ ਸ਼ੁਰੂ ਹੋ ਗਿਆ। ਵਿਕਰਮਾਦਿੱਤ ਪਹਿਲਾ (654-55) ਨੇ ਇਸ ਪਤਨ ਨੂੰ ਰੋਕਣ ਦਾ ਯਤਨ ਕੀਤਾ। ਉਸ ਨੇ ਕੁੱਝ ਖੁਸੇ ਹੋਏ ਇਲਾਕੇ ਪੱਲਵਾਂ ਤੋਂ ਵਾਪਸ ਲਏ। ਉਸ ਦੇ ਉੱਤਰਾਧਿਕਾਰੀ ਵਿਨਯਾਦਿੱਤਯ (680-696 ਈ.) ਅਤੇ ਵਿਜਯਾਦਿੱਤਯ (696-733 ਈ.) ਵੀ ਸ਼ਕਤੀਸਾਲੀ ਸਿੱਧ ਹੋਏ। ਪਰੰਤੂ ਪੱਲਵ ਰਾਜ ਨੂੰ ਬੁਰੀ ਤਰ੍ਹਾਂ ਹਰਾਉਣ ਦਾ ਸਿਹਰਾ ਵਿਜਯਾਦਿਤਯਾ ਦੇ ਪੁੱਤਰ ਵਿਕਰਮਾਦਿੱਤਯ ਦੂਜੇ (733-745) ਨੂੰ ਜਾਂਦਾ ਹੈ। ਕੀਰਤੀਵਰਮਨ ਇਸ ਵੰਸ਼ ਦਾ ਆਖਰੀ ਰਾਜਾ ਸੀ। ਇੰਝ ਚਾਲੂਕੀਆ ਨੇ ਲਗਭਗ 200 ਸਾਲ ਰਾਜ ਕੀਤਾ ਅਤੇ ਕਰਨਾਟਕ ਤੇ ਭਾਰਤੀ ਸੰਸਕ੍ਰਿਤੀ ਨੂੰ ਕਈ ਖੂਬਸੂਰਤ ਮੰਦਰ ਤੇ ਭਵਨ ਦਿੱਤੇ। ਗੁਫ਼ਾ-ਮੰਦਰ ਚਾਲੂਕੀਆ ਦੀ ਖਾਸ ਦੇਣ ਸੀ।

## ਕਲਿਆਣੀ ਦੇ ਚਾਲੂਕੀਆ :

ਕਲਿਆਣੀ ਦਾ ਚਾਲੂਕੀਆ ਰਾਜ ਤੈਲ ਜਾਂ ਤੈਲਪ (Tailapa) ਨਾਮੀ ਸਰਦਾਰ ਨੇ ਸਥਾਪਤ ਕੀਤਾ। ਤੈਲ ਦੂਜਾ ਸ਼ੁਰੂ ਵਿਚ ਰਾਸ਼ਟਰਕੂਟਾ ਦਾ ਸਾਮੰਤ ਜਾਂ ਜਗੀਰਦਾਰ ਸੀ। ਇਹ ਜਗੀਰਦਾਰ ਤੈਲ ਅਧੀਨ ਅਜ਼ਾਦ ਹੋ ਗਏ। ਉਸ ਨੇ 973 ਤੋਂ 997 ਤੱਕ ਰਾਜ ਕੀਤਾ। ਕਲਿਆਣੀ ਇਨ੍ਹਾਂ ਦੀ ਰਾਜਧਾਨੀ ਸੀ, ਇਸੇ ਕਰਕੇ ਇਨ੍ਹਾਂ ਨੂੰ ਕਲਿਆਣੀ ਦੇ ਚਾਲੂਕੀਆ ਕਿਹਾ ਜਾਂਦਾ ਹੈ।

ਤੈਲ ਦੂਜੇ ਅਧੀਨ ਇਨ੍ਹਾਂ ਨੇ ਮਾਲਵੇ ਦੇ ਪਰਮਾਰਾ ਅਤੇ ਚੇਦੀ ਦੇ ਕਲਚੂਰੀਆ ਵਿਰੁੱਧ ਯੁੱਧ ਲੜੇ ਅਤੇ ਦੇਵਗਿਰੀ ਦੇ ਯਾਦਵਾਂ ਵਿਰੁੱਧ ਮੁਹਿੰਮਾਂ ਭੇਜੀਆਂ। ਤੈਲ ਦੂਜੇ ਦੇ ਉੱਤਰਾਧਿਕਾਰੀਆਂ ਦੀ ਸੂਚੀ ਇਸ ਪ੍ਰਕਾਰ ਸੀ :

(1) ਸਤਯਾਸ਼ਰਯ - ਇਸ ਨੇ ਤੰਜੌਰ ਦੇ ਚੋਲਾ ਨਾਲ ਯੁੱਧ ਕੀਤੇ ਅਤੇ 997 ਤੋਂ 1008 ਈ. ਤੱਕ ਰਾਜ ਕੀਤਾ।

(2) ਵਿਕ੍ਰਮਾਦਿੱਤਯ ਪੰਜਵਾਂ (1008–1016 ਈ.)

(3) ਜੈ ਸਿੰਘ ਦੂਜਾ (1016–1042 ਈ.)

(4) ਸੋਮੇਸ਼ਵਰ ਪਹਿਲਾ (1042–1068 ਤੱਕ)

(5) ਸੋਮੇਸ਼ਵਰ ਦੂਜਾ (1068–1076 ਤੱਕ)

(6) ਵਿਕ੍ਰਮਾਦਿੱਤਯ ਛੇਵਾਂ (1076–1126 ਤੱਕ)

ਇਸ ਦੀ ਮੌਤ ਪਿਛੋਂ ਇਸ ਵੰਸ਼ ਦਾ ਪਤਨ ਹੋ ਗਿਆ।

## ਰਾਸ਼ਟਰਕੂਟ ਵੰਸ਼ (The Rashtrakuta Dynasty) :

ਰਾਸ਼ਟਰ ਇਕ ਇਲਾਕਾਈ ਯੂਨਿਟ ਸੀ, ਠੀਕ ਉਸੇ ਤਰ੍ਹਾਂ ਜਿਵੇਂ ਪਿੰਡ ਜਾਂ ਤਹਿਸੀਲ। ਰਾਸ਼ਟਰ ਦੇ ਇੰਚਾਰਜ ਅਧਿਕਾਰੀ ਨੂੰ ਰਾਸ਼ਟਰਕੂਟ ਕਿਹਾ ਜਾਂਦਾ ਸੀ। ਰਾਸ਼ਟਰਕੂਟ ਕੋਈ ਜਾਤ ਜਾਂ ਕਬੀਲਾ ਨਹੀਂ ਸਨ। ਸਗੋਂ ਅਧਿਕਾਰੀ ਜਾਂ ਜਮੀਂਦਾਰ ਸਨ। ਚਾਲੂਕੀਆ ਨੂੰ ਹਰਾਉਣ ਵਾਲੇ ਰਾਸ਼ਟਰਕੂਟ ਆਂਧਰਾ ਪ੍ਰਦੇਸ਼ ਦੇ ਜਿਲ੍ਹਾ ਲਾਟੂਰ (Latur) ਨਾਲ ਸੰਬੰਧਤ ਸਨ। ਉਨ੍ਹਾਂ ਦੀ ਮਾਂ-ਬੋਲੀ ਕਨੜ ਸੀ। ਬਦਾਮੀ ਦੇ ਚਾਲੂਕੀਆ ਪੁਲਕੇਸ਼ੀ ਦੂਜੇ ਤੱਕ ਰਾਸ਼ਟਰਕੂਟ ਉਨ੍ਹਾਂ ਦੇ ਅਧਿਕਾਰੀ ਸਨ ਪਰੰਤੂ 640 ਈ. ਵਿਚ ਉਨ੍ਹਾਂ ਨੇ ਬੇਰਾਰ ਦੇ ਇਲਾਕੇ ਵਿਚ ਅਜਾਦ ਰਾਜ ਸਥਾਪਤ ਕਰ ਅਚਲਪੁਰਾ ਜਾਂ ਅਜੋਕੇ ਇਲਚਪੁਰ (Elichpur) ਨੂੰ ਰਾਜਧਾਨੀ ਬਣਾ ਲਿਆ। ਇਹ ਪ੍ਰਾਪਤੀ ਨਾਨਾਰਾਜਾ ਨਾਮ ਦੇ ਰਾਸ਼ਟਰਕੂਟ ਦੀ ਸੀ।

## ਦੰਤੀ ਦੁਰਗ - ਰਾਜ ਦਾ ਸੰਸਥਾਪਕ :

ਨਾਨਾਰਾਜਾ ਨੇ 630–650 ਈ. ਤੱਕ ਰਾਜ ਕੀਤਾ। ਪਰੰਤੂ ਪਹਿਲਾਂ ਮਹੱਤਵਪੂਰਨ ਰਾਸ਼ਟਰ ਹੁਕਮਰਾਨ ਦੰਤੀਦੁਰਗ (733–756) ਸੀ। 650 ਈ. ਤੇ 733 ਈ. ਦਰਮਿਆਨ ਅਨੇਕਾਂ ਛੋਟੇ ਛੋਟੇ ਸ਼ਾਸਕਾਂ ਨੇ ਰਾਜ ਕੀਤਾ। ਪਰੰਤੂ ਮਾਨਯਖੇਟ ਨੂੰ ਰਾਜਧਾਨੀ ਬਣਾ ਕੇ ਸਹੀ ਅਰਥਾਂ ਵਿਚ ਰਾਸ਼ਟਰਕੂਟ ਰਾਜ ਦੀ ਸਥਾਪਨਾ ਕਰਨ ਦਾ ਸਿਹਰਾ ਦੰਤੀ ਦੁਰਗ ਨੂੰ ਹੀ ਜਾਂਦਾ ਹੈ। 752–53 ਈ. ਵਿਚ ਚਾਲੂਕੀਆ ਕੀਰਤੀਵਰਮਨ ਦੂਜੇ ਨੂੰ ਹਰਾ ਕੇ ਉਸ ਨੇ ਮਹਾਰਾਸ਼ਟਰ ਦਾ ਸੁਤੰਤਰ ਰਾਜ ਬਣਾ ਲਿਆ। ਉਸ ਨੇ ਕੌਸ਼ਲ, ਮਾਲਵ, ਕਾਂਚੀ, ਕਲਿੰਗ ਤੇ ਗੁਜਰਾਤ ਦੇ ਹਾਕਮਾਂ ਨੂੰ ਹਰਾਇਆ ਤੇ 758 ਈ. ਤੱਕ ਰਾਜ ਕੀਤਾ।

## ਕ੍ਰਿਸ਼ਨ ਪਹਿਲਾ (756–72) :

ਕ੍ਰਿਸ਼ਨ ਦੰਤੀਦੁਰਗ ਦਾ ਚਾਚਾ ਸੀ। ਉਸ ਨੇ ਰਾਜ ਦਾ ਵਿਸਥਾਰ ਕੀਤਾ, ਉਸ ਨੇ ਕੋਨਕੁਨ ਨੂੰ ਜਿੱਤਿਆ ਅਤੇ ਮੈਸੂਰ ਦੇ ਗੰਗਿਆ ਨੂੰ ਜਿੱਤਿਆ। ਜਿੱਤਾਂ ਉਪਰੰਤ ਉਸ ਨੇ 'ਰਾਜਾਧਿਰਾਜ ਪਰਮੇਸ਼ਵਰ' ਦੀ ਉਪਾਧੀ ਹਾਸਲ ਕੀਤੀ। ਇਸ ਸਮੇਂ ਤੱਕ ਉਹ ਚਾਲੂਕੀਆ ਰਾਜ ਦੇ ਕੀਰਤੀਵਰਮਨ ਦੂਜੇ ਦੀ ਬਚੀ-ਖੁਚੀ ਤਾਕਤ

ਵੀ ਖਤਮ ਕਰ ਚੁੱਕਿਆ ਸੀ। ਹੁਣ ਮਹਾਰਾਸ਼ਟਰ ਅਤੇ ਕਰਨਾਟਕ ਵਿਚ ਉਸ ਦੇ ਬਰਾਬਰ ਕੋਈ ਨਹੀਂ ਸੀ।

ਕ੍ਰਿਸ਼ਨ ਨੇ ਅੱਗੇ ਵਧ ਕੇ ਵੈਂਗੀ ਦੇ ਚਾਲੂਕੀਆ ਤੇ ਹਮਲਾ ਕੀਤਾ। ਇਸ ਮੁਹਿੰਮ ਦੀ ਕਮਾਨ ਹੋਣ ਵਾਲੇ ਰਾਜੇ ਰਾਜਕੁਮਾਰ ਗੋਵਿੰਦਾ ਦੇ ਹੱਥ ਸੀ। ਵਿਜੈਦਤ (755-72) ਨੇ ਬਿਨਾਂ ਲੜਿਆਂ ਹਾਰ ਮੰਨ ਲਈ। ਇਸ ਤਰ੍ਹਾਂ ਕ੍ਰਿਸ਼ਨ ਦਾ ਹੈਦਰਾਬਾਦ ਦੇ ਸਮੁੱਚੇ ਇਲਾਕੇ ਤੇ ਕਬਜ਼ਾ ਹੋ ਗਿਆ। 773 ਈ. ਨੂੰ ਕ੍ਰਿਸ਼ਨ ਦੀ ਮੌਤ ਹੋ ਗਈ। ਉਹ ਇਕ ਮਹਾਨ

ਜੇਤੂ ਅਤੇ ਕਲਾ ਪ੍ਰੇਮੀ ਸੀ। ਅਲੌਰਾ (Ellora) ਦਾ ਮਸ਼ਹੂਰ ਮੰਦਰ ਜਿਸ ਨੂੰ ਕੈਲਾਸ਼ ਕਹਿੰਦੇ ਹਨ, ਉਸ ਨੇ ਬਣਵਾਏ।

## ਗੋਵਿੰਦ ਦੂਜਾ ਅਤੇ ਧਰੁਵ :

ਗੋਵਿੰਦ ਦੂਜਾ ਕ੍ਰਿਸ਼ਨ ਦਾ ਪੁੱਤਰ ਤੇ ਉੱਤਰਾਧਿਕਾਰੀ ਸੀ। ਉਸ ਨੇ 779 ਈ. ਤੱਕ ਰਾਜ ਕੀਤਾ। ਬਹੁਤ ਜ਼ਿਆਦਾ ਆਰਾਮਪ੍ਰਸਤ ਹੋਣ ਕਰਕੇ ਉਸ ਦੇ ਛੋਟੇ ਭਰਾ ਧਰੁਵ ਨੇ 780 ਈ. ਵਿਚ ਉਸ ਤੋਂ ਗੱਦੀ ਖੋਹ ਲਈ।

ਧਰੁਵ ਚੰਗਾ ਜੇਤੂ ਸੀ। ਸਭ ਤੋਂ ਪਹਿਲਾਂ ਉਹ ਗੰਗਾਵਾਦੀ ਵੱਲ ਵਧਿਆ ਅਤੇ ਫਿਰ ਪੱਲਵਾਂ ਅਤੇ ਵੈਂਗੀ ਦੇ ਚਾਲੂਕੀਆ ਵੱਲ। ਫਿਰ ਨਰਬਦਾ ਦਰਿਆ ਪਾਰ ਕਰਕੇ ਉੱਤਰੀ ਭਾਰਤ ਵੱਲ ਵਧਿਆ। ਉਜੈਨ ਜਿੱਤਿਆ ਪਰੰਤੂ ਕਨੌਜ ਤੇ ਕਬਜਾ ਨਾ ਕਰ ਸਕਿਆ। 790 ਈ. ਨੂੰ ਵਾਪਸ ਪਰਤ ਆਇਆ। ਗੰਗਾ-ਜਮਨਾ ਦੁਆਬ ਵਿਚੋਂ ਉਸ ਨੂੰ ਕਾਫੀ ਦੌਲਤ ਹੱਥ ਲੱਗੀ ਅਤੇ ਇਨ੍ਹਾਂ ਦੋਵਾਂ ਦਰਿਆਵਾਂ ਦੀ ਤਸਵੀਰ ਰਾਸ਼ਟਰਕੂਟਾਂ ਦੇ ਨਿਸ਼ਾਨ ਉੱਪਰ ਉਕਰੀ। ਹੁਣ ਉਹ ਸਾਮਰਾਜੀ ਸ਼ਕਤੀ ਬਣ ਗਏ ਸਨ।

ਧਰੁਵ ਦਾ ਆਖਰੀ ਕੰਮ ਆਪਣੇ ਤਿੰਨ ਪੁੱਤਰਾਂ ਵਿਚ ਰਾਜ ਦੀ ਵੰਡ ਸੀ। ਗੋਵਿੰਦਾ (ਤੀਜਾ) ਉਸ ਦਾ ਉੱਤਰਾਧਿਕਾਰੀ ਬਣਿਆ, ਪਰੰਤੂ ਸਤੰਭ ਨੂੰ ਗੰਗਾਵਾਦੀ ਦਾ ਆਜ਼ਾਦ ਰਾਜ ਦੇ ਦਿੱਤਾ ਗਿਆ। ਸਭ ਤੋਂ ਛੋਟੇ ਪੁੱਤਰ ਇੰਦਰ ਨੂੰ ਗੁਜਰਾਤ ਅਤੇ ਮਾਲਵਾ ਦਾ ਗਵਰਨਰ ਬਣਾ ਦਿੱਤਾ। 791 ਜਾਂ 792 ਈ. ਵਿਚ ਉਸ ਦੀ ਮੌਤ ਹੋ ਗਈ।

## ਗੋਵਿੰਦ ਤੀਜਾ (793-814) :

ਗੋਵਿੰਦ ਤੀਜੇ ਨੇ ਗੰਗਾ, ਪੱਲਵਾਂ ਤੇ ਵੇਂਗੀ ਦੇ ਚਾਲੂਕੀਆ ਨੂੰ ਫਿਰ ਤੋਂ ਮਾਤ ਦੇ ਕਰ ਆਪਣੀ ਸਥਿਤੀ ਦੱਖਣ ਵਿਚ ਮਜਬੂਤ ਕੀਤੀ। ਉੱਤਰੀ ਭਾਰਤ ਦੇ ਪ੍ਰਤੀਹਾਰਾ ਚੀਫ ਨਾਗਭੱਟ ਦੂਜੇ ਤੇ ਹਮਲਾ ਕੀਤਾ। ਬੁੰਦੇ ਲਖੰਡ ਵਿਚ ਹੋਈ ਲੜਾਈ ਵਿਚ ਨਾਗਭੱਟ ਹਾਰ ਗਿਆ। ਕਨੌਜ ਦੇ ਕਮਜ਼ੋਰ ਹੁਕਮਰਾਨ ਚੱਕਰਯੁਧ ਨੇ ਬਿਨਾਂ ਲੜਿਆਂ ਹਥਿਆਰ ਸੁੱਟ ਦਿੱਤੇ। ਉਸਦੀ ਉੱਤਰੀ ਭਾਰਤ ਵਿਚ ਹਾਜਰੀ ਨੇ ਦੱਖਣ ਵਿਚ ਉਸ ਦੇ ਵਿਰੁੱਧ ਪੱਲਵਾਂ, ਪਾਂਡਯ, ਕੇਰਲ ਅਤੇ ਗੰਗਾ ਹਾਕਮਾਂ ਨੇ ਸ਼ਕਤੀਸਾਲੀ ਗੱਠਜੋੜ ਬਣਾ ਲਿਆ। ਗੋਵਿੰਦਾ ਨੇ ਇਸ ਗੱਠਜੋੜ ਨੂੰ ਹਰਾ ਕੇ ਕਾਂਚੀ ਤੇ ਕਬਜਾ ਕਰ ਲਿਆ। ਇਹ 802-03 ਈ. ਵਿਚ ਵਾਪਰਿਆ।

ਗੋਵਿੰਦਾ ਤੀਜਾ ਰਾਸ਼ਟਰਕੂਟਾਂ ਦਾ ਸਭ ਤੋਂ ਸ਼ਕਤੀਸਾਲੀ ਹੁਕਮਰਾਨ ਸੀ। ਉਸ ਦਾ ਰਾਜ ਕੰਨਿਆਕੁਮਾਰੀ ਤੋਂ ਕਨੌਜ ਤੱਕ ਅਤੇ ਬਨਾਰਸ ਅਤੇ ਬੜੌਚ ਤੱਕ ਫੈਲਿਆ ਹੋਇਆ ਸੀ। ਸ੍ਰੀ ਲੰਕਾ ਦਾ ਬਾਦਸ਼ਾਹ ਵੀ ਉਸ ਦਾ ਸਿੱਕਾ ਮੰਨਦਾ ਸੀ।

## ਅਮੋਘਵਰਸ਼ਾ (814-80) :

ਅਮੋਘਵਰਸ਼ ਨੂੰ ਅਨੇਕਾਂ ਬਗਾਵਤਾਂ ਦਾ ਸਾਹਮਣਾ ਕਰਨਾ ਪਿਆ। ਗੰਗਾ-ਸ਼ਾਸਕ ਰਾਸ਼ਟਰਕੂਟਾਂ ਤੋਂ ਸੁਤੰਤਰ ਹੋ ਗਏ। ਪੂਰਬੀ ਜਾਂ ਵੇਂਗੀ ਦੇ ਚਾਲੂਕੀਆਂ ਨੇ ਵੀ ਆਪਣੀ ਆਜ਼ਾਦੀ ਲਈ ਯੁੱਧ ਛੇੜ ਦਿੱਤਾ। ਉੱਤਰੀ ਭਾਰਤ ਦੇ ਪਰਤੀਹਾਰਾ ਹਾਕਮ ਮੇਹਰ ਭੋਜ ਨੇ ਨਰਬਦਾ ਨਦੀ ਤੱਕ ਦਾ ਇਲਾਕਾ ਵਾਪਸ ਹਾਸਲ ਕਰ ਲਿਆ। ਪਰੰਤੂ ਵੇਂਗੀ ਦੇ ਚਾਲੂਕੀਆ ਨੂੰ ਅਮੋਘਵਰਸ਼ ਨੇ ਹਰਾ ਦਿੱਤਾ ਤੇ ਉਹ ਆਜ਼ਾਦ ਨਾ ਹੋ ਸਕੇ।

ਅਮੋਘਵਰਸ਼ ਮਹਾਨ ਜੇਤੂ ਨਹੀਂ ਸੀ ਸਗੋਂ ਬੇਹੱਦ ਧਾਰਮਿਕ ਵਿਅਕਤੀ ਸੀ। ਉਹ ਹਮੇਸ਼ਾ ਘਰੇਲੂ ਮੁਸੀਬਤਾਂ ਵਿਚ ਘਿਰਿਆ ਰਿਹਾ। ਉਹ ਜੈਨਮਤ ਵੱਲ ਝੁਕਾਅ ਰੱਖਦਾ ਸੀ। ਉਹ ਆਪ ਇਕ ਲਿਖਾਰੀ ਸੀ ਤੇ ਉਸ ਨੇ ਕਨੜ੍ਹ ਭਾਸ਼ਾ ਵਿਚ ਕਵਿਤਾ ਰਚੀ। 880 ਈ. ਨੂੰ ਉਸ ਦੀ ਮੌਤ ਹੋ ਗਈ।

ਅਮੋਘਵਰਸ਼ ਤੋਂ ਪਿਛੋਂ ਰਾਸ਼ਟਰਕੂਟ ਰਾਜਿਆਂ ਦੀ ਸੂਚੀ ਇਸ ਪ੍ਰਕਾਰ ਸੀ -

(1) ਕ੍ਰਿਸ਼ਨ ਦੂਜਾ (880-914 ਈ.)

(2) ਇੰਦਰ ਤੀਜਾ (914-18 ਈ.)

(3) ਅਮੋਘਵਰਸ਼ ਦੂਜਾ (918-22 ?)

(4) ਗੋਵਿੰਦ ਚੌਥਾ (923-936)

(5) ਅਮੋਘਵਰਸ਼ ਤੀਜਾ (936-40)

(6) ਕ੍ਰਿਸ਼ਨ ਤੀਜਾ (968 ਤੱਕ)

**ਪਤਨ :**

753 ਈ. ਤੋਂ 973 ਈ. ਤੱਕ ਰਾਸ਼ਟਰਕੂਟਾਂ ਨੇ ਦੱਖਣੀ ਭਾਰਤ ਤੇ ਰਾਜ ਕੀਤਾ। ਇਸ ਕੌਮ ਦੇ ਧਰੁਵ ਅਤੇ ਗੋਵਿੰਦ ਤੀਜੇ ਨੇ ਉੱਤਰੀ ਭਾਰਤ ਤੇ ਵੀ ਹਮਲੇ ਕੀਤੇ। ਪਰੰਤੂ ਉਨ੍ਹਾਂ ਦੀ ਕਨੌਜ ਦੀ ਜਿੱਤ ਸਦੀਵੀ ਨਾ ਹੋ ਸਕੀ। ਪਤਨ ਲਈ ਕ੍ਰਿਸ਼ਨ ਤੀਜੇ ਦੀ ਹਮਲਾਕੁਨ ਨੀਤੀ ਵੀ ਜ਼ਿੰਮੇਵਾਰ ਸੀ।

**ਦੂਰ ਜਾਂ ਧੁਰ ਦੱਖਣ (South India) :**

ਜਿਵੇਂ ਕਿ ਅਸੀਂ ਉੱਪਰ ਵੇਖਿਆ ਹੈ, ਧੁਰ ਦੱਖਣ ਕ੍ਰਿਸ਼ਣਾ ਤੇ ਤੁੰਗਭੱਦਰਾ ਦਰਿਆਵਾਂ ਤੋਂ ਸ਼ੁਰੂ ਹੁੰਦਾ ਹੈ। ਇਸ ਖਿੱਤੇ ਦਾ ਜ਼ਿਕਰ ਵੇਦਾਂ ਵਿਚ ਨਹੀਂ। ਪਰੰਤੂ ਮੌਰੀਆ ਕਾਲ ਤੱਕ ਇਹ ਭੂਮੀ - ਜਿਸ ਨੂੰ ਯੂਨਾਨੀ ਲੇਖਕ ਤਾਮਿਲ-ਭੂਮੀ ਆਖਦੇ ਹਨ - ਤਿੰਨ ਮਹੱਤਵਪੂਰਨ ਰਾਜਨੀਤਕ ਸ਼ਕਤੀਆਂ ਨੂੰ ਜਨਮ ਦੇ ਚੁੱਕੀ ਸੀ। ਇਹ ਸ਼ਕਤੀਆਂ ਸਨ (1) ਪਾਂਡੀਆ ਰਾਜ (2) ਚੋਲਾ ਰਾਜ (ਜਿਹੜਾ ਕਿ ਕਵੇਰੀ ਦਰਿਆ ਦੇ ਆਸ ਪਾਸ ਸੀ) (3) ਚੇੜਾ (the Chera) । ਅਸ਼ੋਕ ਦੇ ਸ਼ਿਲਾਲੇਖ ਵਿਚ ਇਨ੍ਹਾਂ ਤਿੰਨਾਂ ਸ਼ਕਤੀਆਂ ਦਾ ਜ਼ਿਕਰ ਹੈ।

ਧੁਰ ਦੱਖਣ ਦਾ ਵਪਾਰ ਸਮੁੰਦਰ ਰਾਹੀਂ ਇਕ ਪਾਸੇ (ਪੂਰਬ ਵੱਲ) ਮਲਾਇਆ ਤੇ ਚੀਨ ਨਾਲ ਅਤੇ ਪੱਛਮ ਵੱਲ ਮਿਸ਼ਰ ਤੇ ਅਰਬਾਂ ਨਾਲ ਹੁੰਦਾ ਸੀ। ਯੂਨਾਨੀ ਸੋਮੇਂ ਤਾਮਿਲ ਭੂਮੀ ਦੀਆਂ ਅਨੇਕਾਂ ਵਸਤਾਂ ਦਾ ਜ਼ਿਕਰ ਕਰਦੇ ਹਨ - ਜਿਹੜੀਆਂ ਕਿ ਰੋਮ ਰਾਹੀਂ ਪੱਛਮੀ ਸੰਸਾਰ ਵਿਚ ਜਾਂਦੀਆਂ ਸਨ।

ਸ਼ੁਰੂ ਤੋਂ ਹੀ ਦੱਖਣੀ ਭਾਰਤੀ ਇਤਿਹਾਸ ਦੀ ਇਹ ਵਿਸ਼ੇਸ਼ਤਾ ਰਹੀ ਕਿ ਚੋਲ, ਚੇੜਾ ਅਤੇ ਪਾਂਡੀਆ ਵਿਚਕਾਰ ਤਿਕੋਣਾ ਮੁਕਾਬਲਾ ਚਲਦਾ ਰਿਹਾ। ਕਿਸੇ ਇਕ ਸ਼ਕਤੀ ਨੂੰ ਬਾਕੀ ਦੋ ਸ਼ਕਤੀਆਂ ਨੇ ਨਾ-ਉਭਰਨ ਦਿੱਤਾ। ਤਕਰੀਬਨ 100 ਬੀ.ਸੀ. ਤੋਂ ਲੈ ਕੇ 100 ਈ. ਤੱਕ (200 ਸਾਲ) ਚੋਲ ਵੰਸ਼ ਅਤਿਅੰਤ ਸ਼ਕਤੀਸਾਲੀ ਸੀ। ਫਿਰ ਪਾਂਡੀਆ ਤੇ ਚੇੜਾ ਦਾ ਸਮਾਂ ਆਇਆ।

300 ਈ. ਦੇ ਆਸ ਪਾਸ ਤਾਮਿਲ ਇਤਿਹਾਸ ਨੇ ਜੋ ਕਰਵਟ ਲਈ ਉਸ ਅਨੁਸਾਰ ਚੇੜਾ ਤੇ ਪਾਂਡੀਆ ਵਿਚ ਸੰਘਰਸ਼ ਰਹਿ ਗਿਆ। ਚੋਲ ਸ਼ਕਤੀਹੀਨ ਹੋ ਗਏ। 600 ਈ. ਤੱਕ ਤਾਮਿਲ ਸ਼ਕਤੀਆਂ ਬਾਰੇ ਬਹੁਤ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ। 600 ਈ. ਤੋਂ ਲੈ ਕੇ 900 ਈ. ਤੱਕ ਫਿਰ ਤਿੰਨ ਸ਼ਕਤੀਆਂ ਆਪਸ ਵਿਚ ਭਿੜਦੀਆਂ ਰਹੀਆਂ ਸਨ। ਇਹ ਸਨ (1) ਬਦਾਮੀ ਦੇ ਚਾਲੂਕੀਆ (2) ਕਾਂਚੀ ਦੇ ਪੱਲਵ ਅਤੇ (3) ਮਦੁਰਾ ਦੇ ਪਾਂਡੀਆ। ਚਾਲੂਕੀਆ ਦੇ 8ਵੀਂ ਸਦੀ ਈ. ਵਿਚ ਪਤਨ ਬਾਅਦ ਉਨ੍ਹਾਂ ਦੀ ਥਾਂ ਰਾਸ਼ਟਰਕੂਟਾਂ ਨੇ ਮੱਲ ਲਈ। ਖਤਮ ਹੋਏ ਚੋਲ 900 ਈ. ਦੇ ਆਸ ਪਾਸ ਫਿਰ ਸ਼ਕਤੀਸਾਲੀ ਹੋਣ ਲੱਗੇ।

## ਚੋਲ ਵੰਸ਼ (The Cholas) :

ਚੋਲ ਰਾਜ ਉੱਤਰ ਤੇ ਦੱਖਣ ਵਲੋਂ ਦੋ ਦਰਿਆਵਾਂ ਪੇਨਾਰ ਅਤੇ ਵੇਲਾਰੂ ਵਿਚਕਾਰ ਸਥਿਤ ਸੀ ਅਤੇ ਇਸ ਵਿਚ ਅਜੋਕੇ ਜਿਲ੍ਹੇ ਤ੍ਰਿਚਨਾਪਲੀ, ਤੰਜੋਰ ਅਤੇ ਪੁਡੂਕਟਾਏ ਰਿਆਸਤ ਸ਼ਾਮਲ ਸਨ। ਚੋਲ ਸ਼ਕਤੀ ਬਹੁਤ ਹੀ ਪ੍ਰਾਚੀਨ ਸ਼ਕਤੀ ਸੀ - ਜਿਵੇਕਿ ਅਸੀਂ ਉੱਪਰ ਵੇਖਿਆ ਹੈ।

400 ਈ. ਤੋਂ ਲੈ ਕੇ 850 ਈ. ਤੱਕ ਚੋਲ ਇਤਿਹਾਸ ਬਹੁਤ ਧੁੰਦਲਾ ਹੈ। ਨੌਵੀਂ ਸਦੀ ਦੇ ਦੂਸਰੇ ਅੱਧ ਵੇ ਲੇ ਵਿਜਯਾਲਯ (Vijayalya) ਨਾਮ ਦਾ ਚੋਲ ਸਰਦਾਰ ਜਿਹੜਾ ਪੱਲਵ ਰਾਜ ਦਾ ਅਧਿਕਾਰੀ ਸੀ, ਸਾਹਮਣੇ ਆਉਂਦਾ ਹੈ। ਇਸ ਤੋਂ ਪਹਿਲਾਂ ਚੋਲ ਕਵੇਰੀ ਦਰਿਆ ਦੇ ਆਸ ਪਾਸ ਗੁੰਮਨਾਮ ਜੀਵਨ ਬਤੀਤ ਕਰਦੇ ਰਹੇ ਪਰੰਤੂ ਪੱਲਵ ਅਤੇ ਪਾਂਡੀਆ ਹੁਕਮਰਾਨ ਉਨ੍ਹਾਂ ਦੀਆਂ ਰਾਜਕੁਮਾਰੀਆਂ ਨਾਲ ਸ਼ਾਦੀ ਅਤੇ ਰਾਜਕੁਮਾਰਾਂ ਨੂੰ ਆਪਣੀ ਨੌਕਰੀ ਵਿਚ ਰੱਖ ਲੈਂਦੇ ਸਨ।

## ਵਿਜਯਾਲਯ (850-870) :

ਇਹ ਪੱਲਵਾਂ ਦਾ ਸਾਮੰਤ ਸੀ, ਜਿਸ ਨੇ ਪੱਲਵਾਂ ਤੇ ਪਾਂਡੀਆ ਦਰਮਿਆਨ ਸੰਘਰਸ਼ ਦਾ ਫਾਇਦਾ ਉਠਾਇਆ ਅਤੇ ਹੌਲੀ ਹੌਲੀ ਆਜ਼ਾਦ ਹੋ ਗਿਆ। ਇਸ ਨੇ ਤੰਜੌਰ ਜਿੱਤ ਲਿਆ ਅਤੇ ਇੰਝ ਚੋਲ ਰਾਜ ਦੀ ਬੁਨਿਆਦ ਰੱਖੀ। ਪੱਲਵ ਉਸ ਦੀ ਵਧਦੀ ਸ਼ਕਤੀ ਨੂੰ ਰੋਕ ਨਹੀਂ ਸਕੇ।

## ਅਦੱਤਿਆ ਪਹਿਲਾ (870-907 ਈ.) :

ਵਿਜਯਲਾਯ ਦੇ ਪੁੱਤਰ ਤੇ ਉੱਤਰਾਧਿਕਾਰੀ ਅਦੱਤਿਆ ਨੇ ਰਾਜਕੇਸਰੀ ਦੀ ਉਪਾਧੀ ਧਾਰਨ ਕੀਤੀ। ਉਹ ਪੱਲਵਾਂ ਦੀ ਨੌਕਰੀ ਕਰਦਾ ਰਿਹਾ ਅਤੇ ਜਦੋਂ ਪਾਂਡੀਆ ਨੇ ਪੱਲਵਾਂ ਤੇ ਹਮਲਾ ਕੀਤਾ ਤਾਂ ਅਦੱਤਿਆ ਨੇ ਉਨ੍ਹਾਂ ਦਾ ਮੁਕਾਬਲਾ ਕੀਤਾ। 880 ਈ. ਵਿਚ ਸ੍ਰੀ ਪੁਰਮਬੀਆਮ ਦੀ ਫੈਸਲਾਕੁੰਨ ਲੜਾਈ ਵਿਚ ਉਸ ਨੇ ਪਾਂਡੀਆ ਵਿਰੁੱਧ ਪ੍ਰਮੁੱਖ ਭੂਮਿਕਾ ਨਿਭਾਈ। ਪੱਲਵ ਸਮਰਾਟ ਨੇ ਇਸ ਸੇਵਾ ਬਦਲੇ ਅਨੇਕਾਂ ਇਲਾਕੇ ਆਪਣੇ ਸਾਮੰਤ ਅਦਤਿਆ ਨੂੰ ਦਿੱਤੇ। ਇਸ ਵਧਦੀ ਸ਼ਕਤੀ ਨੇ ਅਦਤਿਆ ਦੇ ਮਨ ਵਿਚ ਆਜ਼ਾਦੀ ਦੀ ਲਾਲਸਾ ਪੈਦਾ ਕੀਤੀ ਅਤੇ 891 ਈ. ਵਿਚ ਉਸ ਨੇ ਪੱਲਵਾਂ ਨੂੰ ਹਰਾ ਦਿੱਤਾ। ਇੰਝ ਉਹ ਦੱਖਣ-ਪੂਰਬੀ ਪਾਸੇ ਰਾਸ਼ਟਰਕੂਟਾਂ ਤੋਂ ਬਾਅਦ ਦੂਸਰੀ ਵੱਡੀ ਸ਼ਕਤੀ ਬਣ ਗਿਆ। ਆਪਣੀ ਮੌਤ ਤੋਂ ਪਹਿਲਾਂ ਉਸ ਨੇ ਕਵੇਰੀ ਦਰਿਆ ਦੇ ਕੰਢੇ ਉੱਪਰ ਸਥਿਤ ਕੋਂਗੂ (Kongu) ਦਾ ਇਲਾਕਾ ਜਿੱਤਿਆ ਅਤੇ ਰਾਜ ਦੀ ਗੱਦੀ ਆਪਣੇ ਪੁੱਤਰ ਪਰਾਂਤਕ ਨੂੰ ਸੌਂਪ ਦਿੱਤੀ।

## ਪਰਾਂਤਕ ਪਹਿਲਾ (907-955) :

ਪਰਾਂਤਕ ਦੇ ਗੱਦੀ ਬੈਠਣ ਸਮੇਂ ਚੌਲ ਰਾਜ ਉੱਤਰ ਪਾਸੇ ਮਦਰਾਸ ਤੋਂ ਲੈ ਕੇ ਕਾਲਾਹਸਤੀ ਤੱਕ ਅਤੇ ਦੱਖਣ ਵੱਲ ਕਾਵੇਰੀ ਤੱਕ ਫੈਲ ਚੁੱਕਿਆ ਸੀ। 910 ਈ. ਵਿਚ ਉਸ ਨੇ ਮਦੂਰਾ ਤੇ ਕਬਜ਼ਾ ਕੀਤਾ। ਫਿਰ ਪਾਂਡੀਆ ਰਾਜ ਵਿਰੁੱਧ ਯਤਨ ਆਰੰਭੇ। ਪਾਂਡੀਆ ਚੀਫ ਰਾਜਸਿਨਾਹ ਨੇ ਸ੍ਰੀ ਲੰਕਾ ਤੋਂ ਸਹਾਇਤਾ ਲਈ, ਪਰੰਤੂ 918 ਵਿਚ ਵਲੂਰ ਦੇ ਸਥਾਨ ਤੇ ਪਰਾਂਤਕ ਨੇ ਦੋਹਾਂ ਫੌਜਾਂ ਨੂੰ ਹਰਾ ਦਿੱਤਾ।

ਜਦੋਂ ਪਰਾਂਤਕ ਦੱਖਣ ਵੱਲ ਪਾਂਡੀਆ ਨਾਲ ਲੜ ਰਿਹਾ ਸੀ, ਉਸ ਉੱਪਰ ਉੱਤਰ ਵਲੋਂ ਰਾਸ਼ਟਰਕੂਟਾਂ ਨੇ ਹਮਲਾ ਕਰ ਦਿੱਤਾ। ਰਾਸ਼ਟਰਕੂਟ ਕ੍ਰਿਸ਼ਣ ਦੇਵ ਦੂਜੇ ਨੇ ਹਮਲੇ ਦੀ ਅਗਵਾਈ ਕੀਤੀ। ਪਰੰਤੂ 910-11 ਈ. ਨੂੰ ਉੱਤਰੀ ਅਰਾਕੋਟ (Aracot) ਜਿਲ੍ਹੇ ਵਿਚ ਵਲਾਲਾ (ਤੀਰੂਵਲੱਸ) ਦੇ ਸਥਾਨ ਹੋਈ ਯੁੱਧ ਵਿਚ ਪਰਾਂਤਕ ਜਿੱਤ ਗਿਆ। ਬਾਨਾ (Banna) ਦੇ ਦੋ ਸਾਮੰਤਾਂ ਨੂੰ ਭਾਰੀ ਹਾਰ ਹੋਈ।

ਹੁਣ ਪਰਾਂਤਕ ਦਾ ਰਾਜ ਇਤਨਾ ਫੈਲ ਗਿਆ ਸੀ ਕਿ 940 ਈ. ਵਿਚ ਉਸ ਦੇ ਸਾਮੰਤ ਗੰਗਾ ਪ੍ਰਿਥਵੀਪਤੀ ਦੀ ਮੌਤ ਕਾਰਨ ਉੱਤਰ-ਪੱਛਮੀ ਇਲਾਕੇ ਵਿਚ ਕੰਟਰੋਲ ਮੁਸ਼ਕਲ ਹੋ ਗਿਆ। 949 ਈ. ਵਿਚ ਰਾਸ਼ਟਰਕੂਟਾਂ ਨੇ ਕ੍ਰਿਸਣ ਤੀਜੇ ਅਧੀਨ ਫਿਰ ਚੋਲ ਰਾਜ ਤੇ ਹਮਲਾ ਕਰ ਦਿੱਤਾ। ਉੱਤਰੀ ਅਰਾਕੋਟ (Aracot) ਜਿਲ੍ਹੇ ਵਿਚ ਹੀ ਟਾਕੋਲਾਮ ਦੇ ਸਥਾਨ ਤੇ ਲੜਾਈ ਹੋਈ। ਇਸ ਵਿਚ ਪਰਾਂਤਕ ਦਾ ਬੇਟਾ

ਰਾਜਦਿਤਿਆ ਮਾਰਿਆ ਗਿਆ। ਅਤੇ ਚੋਲ ਹਾਰ ਗਏ। ਉੱਤਰ ਵੱਲ ਸਾਰੇ ਇਲਾਕੇ ਪਰਾਂਤਕ ਹੱਥੋਂ ਜਾਂਦੇ ਰਹੇ। ਇਸੇ ਸਮੇਂ ਪਾਂਡੀਆ ਨੇ ਦੱਖਣੀ ਪਾਸੇ ਤੋਂ ਹਮਲਾ ਕਰਕੇ ਚੋਲ ਰਾਜ ਸਮਾਪਤ ਕਰ ਦਿੱਤਾ।

### ਰਾਜਰਾਜਾ ਪਹਿਲਾ (Rajaraja, the first) :

ਪਰਾਂਤਕ ਦੀ ਮੌਤ ਉਪਰੰਤ ਅਗਲੇ 50 ਸਾਲ (938-985 ਤੱਕ) ਚੋਲ ਸ਼ਕਤੀ ਭੰਬਲਭੂਸੇ ਵਿਚ ਰਹੀ। ਰਾਸ਼ਟਰਕੂਟਾਂ ਅਤੇ ਪਾਂਡੀਆ ਨੇ ਇਸ ਨੂੰ ਸਿਰ ਨਾ ਚੁੱਕਣ ਦਿੱਤਾ। ਪਾਂਡੀਆ ਨੂੰ ਚੁਣੌਤੀ ਦੇਣ ਵਾਲਾ ਚੋਲ ਹੁਕਮਰਾਨ ਰਾਜਰਾਜਾ ਪਹਿਲਾ ਸੀ। ਉਸ ਨੇ 985 ਈ. ਵਿਚ ਗੱਦੀ ਸੰਭਾਲੀ।

### ਜਿੱਤਾਂ (985-1014) :

ਅਗਲੇ 30 ਸਾਲਾਂ ਵਿਚ ਛੋਟਾ ਜਿਹਾ ਢੋਲ ਰਾਜ ਰਾਜਰਾਜਾ ਦੀ ਅਗਵਾਈ ਹੇਠ ਵਿਸ਼ਾਲ ਸਾਮਰਾਜ ਬਣ ਗਿਆ। ਇੰਝ ਅਨੇਕਾਂ ਯੁੱਧਾਂ ਕਾਰਨ ਵਾਪਰਿਆ ਜਿਹੜੇ ਕਿ ਉਸ ਨੇ ਸਫਲਤਾ ਪੂਰਵਕ ਲੜੇ। ਇਨ੍ਹਾਂ ਵਿਚੋਂ ਕੁੱਝ ਇਸ ਤਰ੍ਹਾਂ ਸਨ :

1) ਪਾਂਡਯ ਪ੍ਰਦੇਸ਼ਾਂ ਦੀ ਜਿੱਤ ਜਿਨ੍ਹਾਂ ਵਿਚ ਖਾਸ ਕਰਕੇ ਮਦੁਰਾ ਦਾ ਮਹੱਤਵਪੂਰਨ ਇਲਾਕਾ ਸ਼ਾਮਲ ਸੀ।

2) ਕੇਰਲ ਦੀ ਜਿੱਤ ਜਿਸ ਵਿਚ ਨੇਵੀ ਜਾਂ ਜਲ੍ਹ ਸੈਨਾ ਦੀਆਂ ਦੋ ਲੜਾਈਆਂ ਦੀ ਮੁੱਖ ਭੂਮਿਕਾ ਸੀ। ਇਸ ਨਾਲ ਉਸ ਦਾ ਕਾਂਡਲੂਰ ਜਾਂ ਤ੍ਰੈਵਿੰਦਰਮ ਅਤੇ ਕੋਲਮ (Quillon) ਤੇ ਕਬਜਾ ਹੋ ਗਿਆ।

3) ਲੰਕਾ ਦੀ ਜਿੱਤ ਵਿਚ ਵੀ ਰਾਜਰਾਜਾ ਦੀ ਜਲ੍ਹ ਸੈਨਾ ਦਾ ਪ੍ਰਮੁੱਖ ਰੋਲ ਸੀ। ਉੱਤਰੀ ਲੰਕਾ ਨੂੰ ਚੋਲ ਸਾਮਰਾਜ ਵਿਚ ਮਿਲਾ ਲਿਆ ਗਿਆ।

4) ਮੈਸੂਰ ਉੱਪਰ ਗੰਗਾ ਦਾ ਰਾਜ ਸੀ। ਕਵੇਰੀ ਨੂੰ ਪਾਰ ਕਰਕੇ ਉਨ੍ਹਾਂ ਉੱਪਰ ਹਮਲਾ ਕੀਤਾ ਗਿਆ ਤੇ ਹਾਰ ਦਿੱਤੀ। 991 ਤੱਕ ਰਾਜਰਾਜਾ ਨੇ ਸਾਰਾ ਮੈਸੂਰ ਜਿੱਤ ਲਿਆ। ਹੁਣ ਉਸ ਦੀ ਸਰਹੱਦ ਪੱਛਮੀ ਚਾਲੁਕੀਆ ਨਾਲ ਆ ਲੱਗੀ। 1007 ਵਿਚ ਚੋਲ ਰਾਜ ਕੁਮਾਰ ਰਜਿੰਦਰ ਨੇ ਡੋਨੂਰ, ਜਿਲ੍ਹਾ ਬੀਜਾਪੁਰ ਤੇ ਹਮਲਾ ਕਰਕੇ ਇਸ ਨੂੰ ਲੁੱਟਿਆ।

5) ਰਾਜਰਾਜਾ ਨੇ 999 ਈ. ਵਿਚ ਵੇਂਗੀ ਤੇ ਹਮਲਾ ਕਰਕੇ ਜਿੱਤ ਲਿਆ ਅਤੇ ਸ਼ਕਤੀਵਰਮਨ ਨੂੰ ਇਸ ਦਾ ਰਾਜਾ ਬਣਾ ਦਿੱਤਾ।

6) ਕਲਿੰਗ ਦੀ ਜਿੱਤ ਵੇਂਗੀ ਤੋਂ ਪਿਛੋਂ ਹੋਈ। ਫਿਰ ਉਹ ਟਾਪੂਆਂ ਮਾਲਦੀਪ ਵੱਲ ਵਧਿਆ।

1012 ਈ. ਨੂੰ ਰਾਜਰਾਜਾ ਨੇ ਆਪਣੇ ਪੁੱਤਰ ਰਜਿੰਦਰ ਯੁਵਰਾਜ ਨੂੰ ਆਪਣਾ ਜਾਨਸ਼ੀਨ ਐਲਾਨ ਕਰ ਦਿੱਤਾ। ਇਸ ਸਮੇਂ ਤੱਕ ਚੋਲ ਸਾਮਰਾਜ ਦੀ ਰਾਜਧਾਨੀ ਤੰਜੌਰ ਸੀ ਅਤੇ ਇਹ ਉੱਤਰ ਵਿਚ ਕ੍ਰਿਸ਼ਨਾ ਨਦੀ ਤੇ ਉੱਤਰ ਪੱਛਮ ਵਿਚ ਤੁੰਗਭੱਦਰਾ ਤੱਕ ਫੈਲਿਆ ਹੋਇਆ ਸੀ।

ਰਾਜਰਾਜਾ ਤੋਂ ਪਿਛੋਂ ਦੇ ਚੋਲ ਰਾਜਿਆਂ ਦੀ ਸੂਚੀ ਇਸ ਪ੍ਰਕਾਰ ਹੈ :

1) ਰਜਿੰਦਰ ਪਹਿਲਾ (1014-1044)

2) ਰਾਜਾਧਿਰਾਜ (1044-1052)

3) ਰਜਿੰਦਰ ਦੂਜਾ (1052-1064)

4) ਵੀਰ ਰਜਿੰਦਰਾ (1063-1070)

5) ਅਧੀਰਜਿੰਦਰਾ (1070)

6) ਕੁਲੋਟੁੰਗਾ ਪਹਿਲਾ (1070-1122)

### ਚੋਲਾ ਦਾ ਰਾਜ ਪ੍ਰਬੰਧ :

ਬਾਦਸ਼ਾਹ ਜਾਂ ਰਾਜਾ ਰਾਜ ਪ੍ਰਬੰਧ ਦਾ ਧੁਰਾ ਸੀ। ਇਹ ਪਦ ਪੈਤ੍ਰਿਕ ਸੀ। ਤਾਜਪੋਸ਼ੀ ਦੀ ਸ਼ਾਮ ਧੂਮਧਾਮ

ਨਾਲ ਮਨਾਈ ਜਾਂਦੀ ਸੀ। ਇਕੋ ਸਮੇਂ ਤਾਜਪੋਸ਼ੀ ਦਾ ਜਸ਼ਨ ਅਨੇਕਾਂ ਸ਼ਹਿਰਾਂ ਜਿਵੇਂ ਕਿ ਤੰਜੌਰ, ਗੰਗਏ ਕੋਂਡਾ – ਕੋਲਾਪੁਰਮ, ਚਿੰਦਾਮਬਰਮ ਅਤੇ ਕਾਂਚੀਪੁਰਮ ਵਿਚ ਹੁੰਦਾ ਸੀ। ਯੁਵਰਾਜ ਦੂਸਰਾ ਮਹੱਤਵਪੂਰਨ ਵਿਅਕਤੀ ਤੇ ਅਹੁਦਾ ਸੀ।

ਰਾਜ ਦਰਬਾਰ ਦਾ ਸਾਰਾ ਕੰਮ ਜੁਬਾਨੀ ਹੁਕਮਾਂ ਨਾਲ ਹੁੰਦਾ ਸੀ। ਚੋਲ ਅਫਸਰਸ਼ਾਹੀ ਪੂਰੀ ਤਰ੍ਹਾਂ ਸੰਗਠਿਤ ਅਤੇ ਕੇਂਦਰਿਤ ਸੀ। ਅਫਸਰਸ਼ਾਹੀ ਬਾਕੀ ਸਮਾਜ ਤੋਂ ਬਿਲਕੁਲ ਵੱਖਰੀ ਕਿਸਮ ਦਾ ਸੰਗਠਨ ਸੀ। ਇਹ ਉੱਚੇ (perundaram) ਅਤੇ ਨੀਵੇਂ (Sirudaram) ਦੋ ਦਰਜਿਆਂ ਵਿਚ ਵੰਡੀ ਹੋਈ ਸੀ। ਫੌਜੀ ਅਤੇ ਨਾਗਰਿਕ ਕਾਰਜਾਂ ਵਿਚ ਫਰਕ ਨਹੀਂ ਕੀਤਾ ਜਾਂਦਾ ਸੀ। ਫੌਜ ਦੇ ਵੱਡੇ ਅਫਸਰਾਂ ਨੂੰ ਆੜੀਗਾਰੀਗਲ (adigarigal) ਕਿਹਾ ਜਾਂਦਾ ਸੀ।

ਵੱਖ ਵੱਖ ਵਿਭਾਗਾਂ ਦੀ ਪਹਿਚਾਣ ਕਰਨੀ ਮੁਸ਼ਕਲ ਸੀ। ਭੂਮੀ ਲਗਾਨ ਵਿਭਾਗ (puravu-vari-tinaik-kalam) ਪੂਰੀ ਤਰ੍ਹਾਂ ਸੰਗਠਿਤ ਸੀ। ਕੇਂਦਰੀ ਵਿਭਾਗ ਸਾਰੇ ਸਾਮਰਾਜ ਉੱਪਰ ਕੰਟਰੋਲ ਰੱਖਦੇ ਸਨ।

ਮੰਤਰੀ–ਮੰਡਲ ਵਰਗੀ ਕੋਈ ਚੀਜ਼ ਨਹੀਂ ਸੀ। ਫਿਰ ਵੀ ਕੁੱਝ ਸੀਨੀਅਰ ਅਫਸਰ ਰਾਜੇ ਅਤੇ ਅਫਸਰਾਂ ਵਿਚਕਾਰ ਕੜੀ ਦਾ ਕੰਮ ਕਰਦੇ ਸਨ। ਅਜਿਹੇ ਅਫਸਰਾਂ ਦਾ ਕੋਈ ਸੰਗਠਨ ਨਹੀਂ ਸੀ। ਹਾਂ, ਉਨ੍ਹਾਂ ਨੂੰ ਸਮੂਹਿਕ ਤੌਰ ਤੇ ਉੜਾਨ–ਕੁਟਮ ਕਿਹਾ ਜਾਂਦਾ ਸੀ।

ਅਫਸਰ ਅਤੇ ਰਾਜ ਦੇ ਨੌਕਰ ਕਿਵੇਂ ਭਰਤੀ ਹੁੰਦੇ ਸਨ ? ਕਿਵੇਂ ਤਨਖਾਹ ਦਿੱਤੀ ਜਾਂਦੀ ਸੀ ? ਇਸ ਬਾਰੇ ਬਹੁਤ ਜਿਆਦਾ ਜਾਣਕਾਰੀ ਨਹੀਂ ਮਿਲਦੀ। ਤਨਖਾਹ ਵਜੋਂ ਜ਼ਮੀਨ ਗ੍ਰਾਂਟ ਦੇ ਰੂਪ ਵਿਚ ਦਿੱਤੀ ਜਾਂਦੀ ਸੀ। ਇਨ੍ਹਾਂ ਗ੍ਰਾਂਟਾਂ ਨੂੰ Jivitas ਕਿਹਾ ਜਾਂਦਾ ਸੀ।

## ਪ੍ਰਾਂਤਕ ਤੇ ਲੋਕਲ ਪ੍ਰਸ਼ਾਸਨ :

ਰਾਜ ਹੇਠ ਲਿਖੀਆਂ ਇਕਾਈਆਂ ਵਿਚ ਵੰਡਿਆ ਹੋਇਆ ਸੀ –

1) ਮੰਡਲਪ ਭਾਵ ਪ੍ਰਾਂਤ ਜਾਂ ਸੂਬਾ
2) ਵਾਲਾਨਾਡੂ ਭਾਵ ਪ੍ਰਾਂਤ ਦੀਆਂ ਡਵੀਜ਼ਨਾਂ
3) ਕੁਰਾਮ ਅਥਵਾ ਕੋਟਮ ਜਾਂ ਕਈ ਪਿੰਡਾਂ ਦਾ ਸਮੂਹ
4) ਵੱਡੇ ਕਸਬੇ ਤੇ ਸ਼ਹਿਰ ਵੱਖਰੇ ਕੁਰਾਮ ਸਨ, ਭਾਵ ਸ਼ਹਿਰੀ ਡਵੀਜ਼ਨਾਂ ਸਨ।

## ਸਭਾਵਾਂ :

ਪ੍ਰਸ਼ਾਸਨ ਦੇ ਹਰ ਪੱਧਰ ਤੇ ਇਸ ਦੀ ਅਗਵਾਈ ਵਾਸਤੇ ਜਨਤਕ ਸਭਾਵਾਂ ਸਨ। ਇਹ ਦੋ ਕਿਸਮ ਦੀਆਂ ਸਨ (1) ਉਰ (Ur) ਅਤੇ (2) ਸਭਾ (Sabha) । ਉਰ ਸਾਰੇ ਪਿੰਡ ਦੀ ਸਾਂਝੀ ਸਭਾ ਸੀ, ਪਰੰਤੂ *ਸਭਾ* ਕੇਵਲ ਬ੍ਰਾਹਮਣਾਂ ਦੀ ਪੰਚਾਇਤ ਸੀ। ਇਹ ਸਭਾਵਾਂ ਲੋਕਾਂ ਦੀ ਭਲਾਈ ਲਈ ਟੈਕਸ ਲਾ ਜਾਂ ਹਟਾ ਸਕਦੀਆਂ ਸਨ। ਇਹ ਤਲਾਬਾਂ, ਹਸਪਤਾਲਾਂ, ਮੰਦਰਾਂ, ਧਰਮਸ਼ਾਲਾਵਾਂ ਦਾ ਪ੍ਰਬੰਧ ਕਰਦੀਆਂ ਸਨ। ਪਿੰਡਾਂ ਵਾਂਗ ਹੀ ਸ਼ਹਿਰਾਂ ਵਿਚ ਸਭਾਵਾਂ ਹੁੰਦੀਆਂ ਸਨ। ਸ਼ਹਿਰ ਵਿਚ ਵਪਾਰੀਆਂ ਦੀ ਸਭਾ ਨੂੰ *ਨਗਰਮ* ਕਿਹਾ ਜਾਂਦਾ ਸੀ। *ਨਾਡੂ* ਪੱਧਰ ਦੀਆਂ ਸਭਾਵਾਂ ਦਾ ਵੀ ਜ਼ਿਕਰ ਆਉਂਦਾ ਹੈ।

ਪਿੰਡ ਅਤੇ ਕਸਬੇ ਪੱਧਰ ਤੇ ਸਭਾਵਾਂ ਨਿਆਂ ਵੀ ਕਰਦੀਆਂ ਸਨ। ਇਨਸਾਫ ਕਰਨ ਵਾਲੀਆਂ ਇਨ੍ਹਾਂ ਕਮੇਟੀਆਂ ਨੂੰ *ਨਿਅੰਤਰ* ਕਿਹਾ ਜਾਂਦਾ ਸੀ।

## ਭੂਮੀ ਕਰ (Land Revenue) :

ਭੂਮੀ ਕਰ ਫਸਲ ਉੱਪਰ ਲਗਦਾ ਸੀ ਅਤੇ ਇਹ ਫਸਲ ਦਾ 1/3 ਜਾਂ 1/6 ਹਿੱਸਾ ਹੁੰਦਾ ਸੀ। ਰਾਜਰਾਜਾ ਪਹਿਲੇ ਸਮੇਂ ਸਾਰੀ ਭੂਮੀ ਦੀ ਪੈਮਾਇਸ਼ ਕੀਤੀ ਗਈ। ਭੂਮੀ ਦੀ ਇਕਾਈ ਨੂੰ *ਵੇਲੀ* ਅਤੇ ਅਨਾਜ ਦੀ ਇਕਾਈ ਨੂੰ *ਕਲਮ* (ਜਿਹੜੀ ਕਿ ਤਿੰਨ ਮਣ ਹੁੰਦੀ ਸੀ) ਆਖਦੇ ਸਨ। ਭੂਮੀ ਲਗਾਨ ਇਕੱਠਾ ਕਰਨ ਦੀ ਜਿੰਮੇਵਾਰੀ ਪਿੰਡ ਦੀ ਸਭਾ ਦੀ ਹੁੰਦੀ ਸੀ।

## ਸਮਾਜਿਕ ਤੇ ਆਰਥਿਕ ਜੀਵਨ :

ਸਮਾਜ ਦਾ ਆਧਾਰ ਜਾਤੀ ਸੀ। ਬ੍ਰਾਹਮਣਾਂ ਦੇ ਆਪਣੇ ਪਿੰਡ ਸਨ ਅਤੇ ਸਭਾ ਵੀ ਆਪਣੀ ਹੁੰਦੀ ਸੀ। ਸ਼ਹਿਰਾਂ ਵਿਚ ਕਿਰਤੀ ਵਸੋਂ ਵੀ ਦੋ ਜਾਤੀਆਂ ਜਾਂ ਵਰਗਾਂ ਵਿਚ ਵੰਡੀ ਹੋਈ ਸੀ। ਇਨ੍ਹਾਂ ਨੂੰ ਸੱਜੇ ਹੱਥ (ਵਾਲਨਾਗਾਏ) ਅਤੇ ਖੱਬੇ ਹੱਥ (ਇਡਨਗਾਏ) ਆਖਦੇ ਸਨ। ਔਰਤ ਦੀ ਪਦਵੀ ਨੀਵੀਂ ਸੀ ਪਰੰਤੂ ਇਹ ਉਸਦੀ ਸ਼੍ਰੇਣੀ ਉੱਪਰ ਨਿਰਭਰ ਕਰਦੀ ਸੀ। ਅਮੀਰ ਘਰਾਂ ਵਿਚ ਔਰਤ ਜਾਇਦਾਦ ਦੀ ਹਿੱਸੇਦਾਰ ਸੀ। ਗੁਲਾਮ ਪ੍ਰਥਾ ਵੀ ਸੀ। ਖੇਤੀਹਾਰ ਮਜਦੂਰ ਗੁਲਾਮਾਂ ਵਾਂਗ ਹੀ ਰਹਿੰਦੇ ਸਨ। ਸਮਾਜ ਵਿਚ ਭੂਮੀ ਲਗਾਨ ਦੇਣ ਵਾਲਿਆਂ ਦਾ ਰੁਤਬਾ ਦੂਸਰਿਆਂ ਨਾਲੋਂ ਉੱਚਾ ਸੀ।

## ਧਰਮ :

ਚੋਲ ਹੁਕਮਰਾਨ ਸ਼ਿਵ ਅਤੇ ਵਿਸ਼ਣੂ ਦੇ ਪੁਜਾਰੀ ਸਨ। ਸ਼ਿਵ ਪੂਜਾ ਸੰਬੰਧੀ ਅਤੇ ਵਿਸ਼ਣੂ ਭਗਤੀ ਲਈ ਅਨੇਕਾਂ ਭਜਨਾਂ ਤੇ ਪੁਸਤਕਾਂ ਦਾ ਨਿਰਮਾਣ ਹੋਇਆ। ਆਚਾਰੀਆ ਦਾ ਕਾਫੀ ਸਤਿਕਾਰ ਸੀ। ਚੋਲ ਸ਼ਾਸਕ ਧਰਮ ਪ੍ਰਤੀ ਸੰਕੀਰਣ ਨਹੀਂ ਸਨ, ਇਸ ਕਰਕੇ ਬੋਧੀ ਅਤੇ ਜੈਨ ਮੰਦਰਾਂ ਦਾ ਵੀ ਨਿਰਮਾਣ ਹੁੰਦਾ ਰਿਹਾ। ਧਾਰਮਿਕ ਨਰਾਜਗੀ ਦਾ ਸੰਪੂਰਣ ਅਭਾਵ ਨਹੀਂ ਸੀ। ਕਈ ਵਾਰ ਵਿਸ਼ਣੂ ਸੁਧਾਰਕਾਂ ਨੂੰ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਸੀ। ਨੇਗਾਪਟਮ – ਜਿੱਥੇ ਕਿ ਬੁੱਧ ਧਰਮ ਦਾ ਖਾਸਾ ਪ੍ਰਭਾਵ ਸੀ – ਨੂੰ ਛੱਡ ਕੇ ਬਾਕੀ ਰਾਜ ਵਿਚ ਮੰਦਰ ਆਧਾਰਤ ਹਿੰਦੂ ਧਰਮ ਦਾ ਬੋਲਬਾਲਾ ਸੀ। ਸੁਭਾਵਿਕ ਹੀ ਬ੍ਰਾਹਮਣ ਜਾਤੀ ਧਾਰਮਿਕ ਤੇ ਸਮਾਜਿਕ ਪੱਖੋਂ ਸ਼ਕਤੀਸਾਲੀ ਸੀ।

## ਸਿੱਖਿਆ ਤੇ ਸਭਿਆਚਾਰ :

ਮੰਦਰਾਂ ਤੇ ਸਿੱਖਿਆ ਸੰਸਥਾਵਾਂ ਵਿਚ ਨਜਦੀਕੀ ਸੰਬੰਧ ਸੀ। ਸਕੂਲ ਸਭ ਦਾ ਸਾਂਝਾ ਸੀ ਅਤੇ ਇਸ ਲਈ ਵਿੱਤ ਦਾ ਪ੍ਰਬੰਧ ਸਾਂਝੀ ਜ਼ਮੀਨ ਦੀ ਆਮਦਨੀ ਵਿਚੋਂ ਕੀਤਾ ਜਾਂਦਾ ਸੀ।

ਚੋਲਾ ਸਾਮਰਾਜ ਤਾਮਿਲ ਅਤੇ ਸੰਸਕ੍ਰਿਤ ਸਾਹਿਤ ਦੀ ਤਰੱਕੀ ਦਾ ਸਾਧਨ ਬਣਿਆ। ਚੋਲ ਸ਼ਾਸਕਾਂ ਦੀ ਮੁਹਿੰਮਾਂ ਵਿਚ ਰਚੀਆਂ ਅਨੇਕਾਂ ਪਰਸ਼ਸਤੀਆਂ ਸਾਹਿਤਕ ਪੱਖੋਂ ਬਹੁਤ ਉੱਚੀਆਂ ਸਨ। ਰਾਜਰਾਜਾ ਪਹਿਲਾ ਉੱਪਰ ਦੋ ਮਹੱਤਵਪੂਰਨ ਡਰਾਮੇ ਲਿਖੇ ਗਏ। ਡਰਾਮੇ ਜਾਂ ਨਾਟਕਮ ਤੋਂ ਇਲਾਵਾ ਪਾਂਡੀਆ-ਪੱਲਵ ਸਮੇਂ ਦੀ ਸਮਾਪਤੀ ਵੇਲੇ ਤਾਮਿਲ ਭਾਸ਼ਾ ਵਿਚ ਰਚੀ ਗਈ Brihat-Katha ਜਗਤ ਪ੍ਰਸਿੱਧ ਰਚਨਾ ਸੀ।

10ਵੀਂ ਸਦੀ ਈ. ਵਿਚ ਜੈਨ ਰਚਨਾ Jivaka-Citamani ਲਿਖੀ ਗਈ ਅਤੇ ਇਹ ਤਾਮਿਲ ਸਾਹਿਤ ਦਾ ਮਹਾਂਕਾਵਿ ਅਖਵਾਈ।

ਇਸ ਕਾਲ ਦੇ ਕੁੱਝ ਮਹੱਤਵਪੂਰਨ ਤਾਮਿਲ ਸਾਹਿਤਕਾਰ ਇਸ ਤਰ੍ਹਾਂ ਸਨ :

1) ਕੰਬਣ (Kamban) (2) ਕੁੱਟਨ (Kuttan)

3) ਪੁਗਲੇਂਡੀ (Pugalendi) (4) ਜੈਨਾਗੋਂਡਰੂ (Jayangondur) ਅਤੇ

5) ਕਾਲੱਡਨਾਰ (Kalladanar)

## ਕਲਾ :

ਸ਼ਹਿਰਾਂ ਅਤੇ ਮੰਦਰਾਂ ਦੀ ਰਚਨਾ ਚੋਲ ਸ਼ਾਸਕਾਂ ਦਾ ਖਾਸ ਸ਼ੌਕ ਸੀ। ਰਜਿੰਦਰ ਪਹਿਲੇ ਸਮੇਂ ਗੰਗਈਕੋਂਡਾ-ਚੋਲਾਪੁਰਮ ਸ਼ਹਿਰ ਉਸਾਰਿਆ ਗਿਆ। ਸ਼ਹਿਰ ਦੀ ਸਭ ਤੋਂ ਖੂਬਸੂਰਤ ਇਮਾਰਤ ਸ਼ਿਵਜੀ ਦੀ ਆਰਾਧਨਾ ਲਈ ਬਣਿਆ ਗੰਗਈਕੋਂਡਾ-ਚੋਲੇਸ਼ਵਰਮ ਦਾ ਮੰਦਰ ਸੀ।

ਤੰਜੌਰ ਚੋਲਾ ਸ਼ਾਸਕਾਂ ਦਾ ਰਾਜਨੀਤਕ ਕੇਂਦਰ ਹੀ ਨਹੀਂ ਸਗੋਂ ਇਹ ਸਭ ਤੋਂ ਵੱਡੇ ਤੇ ਸੁੰਦਰ ਮੰਦਰਾਂ ਦਾ ਵੀ ਸ਼ਹਿਰ ਸੀ। ਰਾਜਰਾਜੇਸ਼ਵਰ ਮੰਦਰ ਜਿਸ ਨੂੰ ਮੰਦਰਾਂ ਦਾ ਸਮਰਾਟ ਕਿਹਾ ਜਾਂਦਾ ਹੈ, ਇੱਥੇ ਹੀ ਸਥਿਤ ਸੀ। ਇਸ ਕਿਲ੍ਹੇ ਵਰਗੇ ਮੰਦਰ ਦਾ ਅਹਾਤਾ ਪੂਰਬ ਤੋਂ ਪੱਛਮ ਵੱਲ 240.79 ਮੀਟਰ ਲੰਮਾ ਅਤੇ ਉੱਤਰ ਤੋਂ ਦੱਖਣ

ਵੱਲ 121.92 ਮੀਟਰ ਚੌੜਾ ਹੈ। ਗਰਭ ਗ੍ਰਹਿ, ਅਰਧਮੰਡਪ, ਮਹਾਂਮੰਡਪ ਅਤੇ ਮੁੱਖ-ਮੰਡਪ ਇਸ ਦੇ ਪ੍ਰਮੁੱਖ ਭਾਗ ਹਨ। ਮੰਡਪ ਕਈ ਥਮਲਿਆਂ ਉੱਪਰ ਬਣੇ ਕਮਰੇ ਨੂੰ ਕਿਹਾ ਜਾਂਦਾ ਹੈ। ਇਸ ਮੰਦਰ ਵਿਚ ਸੈਂਕੜੇ ਪੁਜਾਰੀਆਂ ਤੋਂ ਇਲਾਵਾ 400 ਦੇਵ ਦਾਸੀਆਂ ਤੇ ਨਾਚੀਆਂ ਅਤੇ 212 ਦੇਵ ਦਾਸ ਅਤੇ 50 ਤੋਂ ਉਪਰ ਸੰਗੀਤਕਾਰ ਅਤੇ ਵੇਦਾਂ ਦਾ ਪਾਠ ਕਰਨ ਵਾਲੇ ਸਨ। ਇਸ ਵਿਚ 160 ਜੋਤਾਂ ਹਰ ਵੇਲੇ ਜਗਦੀਆਂ ਰਹਿੰਦੀਆਂ ਸਨ। ਇਨ੍ਹਾਂ ਲਈ ਘੀ ਵਾਸਤੇ ਬਹੁਤ ਸਾਰੇ ਆਜੜੀ ਤੇ ਗਵਾਲੇ ਰੱਖੇ ਹੋਏ ਸਨ। ਮੰਦਰ ਦੇ ਨਾਮ ਵੱਡੀਆਂ ਜਗੀਰਾਂ ਸਨ।

ਅਜਿਹੇ ਮੰਦਰਾਂ ਦੀ ਸੰਸਕ੍ਰਿਤੀ ਨੂੰ ਸਭ ਤੋਂ ਵੱਡੀ ਦੇਣ *ਨਾਟਯਮ ਕਲਾ* ਜਾਂ ਡਾਂਸ ਅਤੇ ਮੂਰਤੀ ਕਲਾ ਸੀ। ਵੈਸੇ ਦੱਖਣੀ ਭਾਰਤ ਵਿਚ ਮੰਦਰਾਂ ਦੇ ਅਨੇਕਾਂ ਆਰਥਿਕ ਕਾਰਜ ਵੀ ਸਨ। ਮੰਦਰ ਵਪਾਰ ਅਤੇ ਬੈਂਕਾਂ ਵਿਚ ਵੀ ਧਨ ਲਗਾਉਂਦੇ ਸਨ। ਰਕਮ ਉੱਪਰ 12 ਪ੍ਰਤੀਸ਼ਤ ਸਾਲਾਨਾ ਵਿਆਜ ਲਿਆ ਜਾਂਦਾ ਸੀ।

## ਪਾਠ ਵਿਚ ਮਹੱਤਵਪੂਰਨ ਸ਼ਬਦ :

1) ਪੈਨਿਨਸੂਲਰ ਭਾਰਤ
2) ਸਾਤਵਾਹਨ ਵੰਸ਼
3) ਵਕੱਟਕ (The Vakatakas)
4) ਜ਼ਮੀਨੀ ਜਾਂ ਜ਼ਮੀਂਦਾਰਾ-ਰਿਆਸਤਾਂ (agrarian kingdoms)
5) ਪੱਲਵ-ਵੰਸ਼ (The Palavas)
6) ਗੁਫ਼ਾ - ਮੰਦਰ
7) ਚਾਲੂਕੀਆ ਦੀ ਉਤਪਤੀ ਬਾਰੇ ਮਿਥਾਂ (The Myths about the origin of the Chalukyias)
8) ਭੂਮੀ-ਗ੍ਰਾਂਟਾਂ (Jivitas)
9) ਊਰ (Ur)
10) ਸਭਾ (Sabha)

## ਅਭਿਆਸ ਲਈ ਛੋਟੇ ਪ੍ਰਸ਼ਨ :

1) ਦੱਖਣ ਤੇ ਧੁਰ-ਦੱਖਣ ਵਿਚ ਕੀ ਅੰਤਰ ਹੈ ?
2) ਚਾਲੂਕੀਆ ਕੌਣ ਸਨ ?
3) ਰਾਸ਼ਟਰਕੂਟਾਂ ਕਾਰਨ ਕਿਸ ਪ੍ਰਦੇਸ਼ ਤੇ ਭਾਸ਼ਾ ਦਾ ਵਿਕਾਸ ਹੋਇਆ ?
4) ਅਸ਼ੋਕ ਦੇ ਸ਼ਿਲਾਲੇਖਾਂ ਵਿਚ ਕਿਹੜੀਆਂ ਦੱਖਣੀ ਸ਼ਕਤੀਆਂ ਦਾ ਨਾਮ ਆਉਂਦਾ ਹੈ ?
5) ਚਾਲੂਕੀਆ ਦੀ ਪੂਰਬੀ ਜਾਂ ਵੇਂਗੀ ਸ਼ਾਖ ਦਾ ਬਾਨੀ ਕੌਣ ਸੀ ?
6) ਰਾਸ਼ਟਰਕੂਟਾਂ ਦਾ ਕਿਹੜਾ ਰਾਜਾ ਕਨੌਜ ਨੂੰ ਫਤਹਿ ਨਾ ਕਰ ਸਕਿਆ ?
7) ਵਿਜਯਾਲਯ ਕਿਸ ਸ਼ਕਤੀ ਦਾ ਸਾਮੰਤ ਸੀ ?
8) ਰਾਜਦਿਤਿਆ ਕਦੋਂ ਤੇ ਕਿਸ ਲੜਾਈ ਵਿਚ ਮਾਰਿਆ ਗਿਆ ?
9) ਚੋਲ ਸ਼ਾਸਕਾਂ ਦੀ ਤਾਜਪੋਸ਼ੀ ਦਾ ਜਸ਼ਨ ਕਿੱਥੇ ਕਿੱਥੇ ਮਨਾਇਆ ਜਾਂਦਾ ਸੀ ?
10) ਸਭਾ ਕੀ ਹੁੰਦੀ ਸੀ ? ਇਸ ਦੇ ਕੀ ਕੰਮ ਸਨ ?
11) ਰਾਜਰਾਜੇਸ਼ਵਰ-ਮੰਦਰ ਤੇ ਨੋਟ ਲਿਖੋ।

12) ਕਿਸੇ ਚਾਰ ਤਾਮਿਲ ਸਾਹਿਤਕਾਰਾਂ ਦੇ ਨਾਮ ਲਿਖੋ।

**ਲੰਮੇ ਪ੍ਰਸ਼ਨ :**

1) ਚਾਲੂਕੀਆ ਦੀ ਸ਼ਕਤੀ ਦੇ ਉਭਾਰ ਅਤੇ ਪਤਨ ਬਾਰੇ ਤੁਸੀਂ ਕੀ ਜਾਣਦੇ ਹੋ ?
2) ਰਾਸ਼ਟਰਕੂਟਾਂ ਦੇ ਇਤਿਹਾਸ ਉੱਪਰ ਰੌਸ਼ਨੀ ਪਾਉ।
3) 9ਵੀਂ ਸਦੀ ਈ. ਉਪਰੰਤ ਚੋਲ ਵੰਸ਼ ਦੇ ਰਾਜਿਆਂ ਬਾਰੇ ਸੰਖੇਪ ਵਰਨਣ ਕਰੋ।
4) ਚੋਲ ਸ਼ਾਸਨ-ਪ੍ਰਬੰਧ ਅਤੇ ਧਾਰਮਿਕ ਤੇ ਸਾਹਿਤਕ ਦੇਣ ਦਾ ਵਰਨਣ ਕਰੋ।

**ਪੁਸਤਕਾਂ :**

(1) Romila Thapar, A History of India (Volume, One) ਪਾਠ 8 ਅਤੇ 9
(2) V.A.Smith, The Oxford History of India, ਪੰਨੇ 213-229
(3) S.N.Sen, Ancient Indian History and Civilization, ਪੰਨੇ 359-501
(4) ਏ.ਸੀ.ਅਰੋੜਾ ਤੇ ਐਸ.ਐਲ.ਸੀਕਰੀ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨੇ 309-340

ਪਾਠ ਨੰ–2.5 ਲੇਖਕ : ਨਾਜ਼ਰ ਸਿੰਘ ਸੈਕਸ਼ਨ : ਬੀ

# ਰਾਜਪੂਤ ਕਾਲ ਤੇ ਰਾਜ ਪ੍ਰਬੰਧ

**ਪਾਠ ਦੀ ਬਣਤਰ :**

ਉੱਦੇਸ਼
ਭੂਮਿਕਾ (Introduction)
647 ਪਿੱਛੋਂ ਉੱਤਰੀ ਭਾਰਤ
ਰਾਜਪੂਤਾਂ ਦਾ ਦ੍ਰਿਸ਼ ਤੇ ਆਉਣਾ
ਮਹੱਤਵਪੂਰਨ ਵੰਸ਼ ਅਤੇ ਰਾਜੇ (Prominent Clans and the Kings)
ਹਾਰ ਦੇ ਕਾਰਣ
ਸਾਮੰਤਵਾਦ ਕੀ ਸੀ ? (Feudalism - the Indian way)
ਸਾਮੰਤਵਾਦ ਤੇ ਰਾਜ-ਪ੍ਰਬੰਧ
ਬਾਦਸ਼ਾਹ ਤੇ ਬਾਦਸ਼ਾਹੀ ਭੂਮੀ (King and the Crown-Land)
ਸਮਾਜ (Society)
ਰਾਜਸੀ ਸਭਿਆਚਾਰ (Political Culture)
ਧਾਰਮਿਕ ਜੀਵਨ, ਸਿੱਖਿਆ, ਸਾਹਿਤ ਤੇ ਕਲਾ
ਮਹੱਤਵਪੂਰਨ ਸ਼ਬਦ ਤੇ ਸੰਕਲਪ
ਛੋਟੇ ਤੇ ਲੰਮੇ ਪ੍ਰਸ਼ਨ
ਪੁਸਤਕ ਸੂਚੀ

## ਉੱਦੇਸ਼ :

ਇਹ ਪਾਠ ਤੁਹਾਨੂੰ ਹੇਠ ਲਿਖੇ ਕਾਰਜਾਂ ਦੇ ਯੋਗ ਬਣਾਏਗਾ :

(1) ਭਾਰਤ ਦੇ ਮੱਧਕਾਲੀ ਯੁੱਗ ਜਾਂ ਸਾਮੰਤੀ ਕਾਲ ਦੀ ਮੁਢਲੀ ਜਾਣਕਾਰੀ।

(2) ਰਾਜਪੂਤ ਵੰਸ਼ਾਂ, ਰਾਜਿਆਂ ਅਤੇ ਸਮਿਆਂ ਦੀ ਭਾਰਤੀ ਇਤਿਹਾਸ ਤੇ ਜੀਵਨ ਨੂੰ ਦੇਣ ਦਾ ਅਧਿਐਨ

(3) ਸਾਮੰਤਵਾਦ ਦੀਆਂ ਵਿਸ਼ੇਸ਼ਤਾਵਾਂ ਦਾ ਵਿਸ਼ਲੇਸ਼ਣ।

## ਭੂਮਿਕਾ :

ਹਰਸ਼ ਵਰਧਨ ਦੀ ਮੌਤ ਪਿੱਛੋਂ ਉੱਤਰੀ ਭਾਰਤ ਤੇ ਦੱਖਣ ਦੇ ਪੱਛਮੀ ਤੇ ਪੂਰਬੀ ਭਾਗਾਂ ਵਿਚ ਛੋਟੀਆਂ ਛੋਟੀਆਂ ਰਿਆਸਤਾਂ ਦਾ ਜਨਮ ਹੋਇਆ। ਇਨ੍ਹਾਂ ਰਾਜਾਂ ਜਾਂ ਰਿਆਸਤਾਂ ਦੇ ਜਨਮ ਵਿਚ ਭਾਰਤੀ ਸਮਾਜ ਦੇ ਜ਼ਮੀਨੀ ਵਰਗਾਂ (agrarian classes) ਜਿਹੜੇ ਕਿ ਕਿਸਾਨ ਨਹੀਂ ਸਨ ਸਗੋਂ ਫੌਜੀ ਪੇਸ਼ੇ ਦੇ ਧਾਰਨੀ ਸਨ, ਨੇ ਆਪਣੇ ਬਾਜੂ-ਬਲ ਸਹਾਰੇ ਵਿਸ਼ੇਸ਼ ਯੋਗਦਾਨ ਪਾਇਆ। ਇਨ੍ਹਾਂ ਉੱਪਰ ਬਾਹਰੀ ਸ਼ਕਤੀਆਂ ਖਾਸ ਕਰਕੇ ਹੂਣਾਂ ਦਾ ਵੀ ਪ੍ਰਭਾਵ ਸੀ, ਪਰੰਤੂ ਬਹੁਤੇ ਰਾਜੇ ਉਨ੍ਹਾਂ ਜਾਤੀਆਂ ਤੇ ਕਬੀਲਿਆਂ ਦੇ ਸਨ ਜਿਹੜੇ

ਕਿ 6 ਜਾਂ 7ਵੀਂ ਸਦੀ ਤੱਕ ਹਕੂਮਤ ਕਰ ਚੁੱਕੇ ਸਨ ਜਿਵੇਂ ਕਿ ਪਰਤੀਹਾਰ ਅਤੇ ਚਾਲੂਕੀਆ। ਇਨ੍ਹਾਂ ਸਾਰਿਆਂ ਨੂੰ ਰਾਜਪੂਤ ਕਿਹਾ ਜਾਂਦਾ ਹੈ। ਰਾਜਪੂਤ ਆਪਣੇ ਆਪ ਨੂੰ ਕਸ਼ੱਤਰੀ ਮੰਨਦੇ ਹਨ। ਇਨ੍ਹਾਂ ਦੀ ਉਤਪਤੀ ਬਾਰੇ ਮਿੱਥਾਂ ਹਨ। ਇਤਿਹਾਸਕ ਤੌਰ ਤੇ ਰਾਜਪੂਤ ਜੁਝਾਰੂ ਲੋਕ ਸਨ ਜਿਨ੍ਹਾਂ ਨੇ ਰਾਜਸਥਾਨ ਤੋਂ ਸ਼ੁਰੂ ਕਰਕੇ ਆਪਣੀਆਂ ਫੌਜੀ, ਰਾਜਨੀਤਕ ਪ੍ਰਾਪਤੀਆਂ ਤੇ ਕੁਰਬਾਨੀਆਂ ਕਾਰਨ ਭਾਰਤੀ ਇਤਿਹਾਸ ਤੇ ਮਨਾਂ ਅੰਦਰ ਸਤਿਕਾਰਯੋਗ ਥਾਂ ਬਣਾ ਲਈ। ਇਸ ਵਿਚ ਬ੍ਰਾਹਮਣਾਂ ਨੇ ਉਨ੍ਹਾਂ ਦਾ ਪੂਰਾ ਸਹਿਯੋਗ ਦਿੱਤਾ। ਭਾਰਤੀ ਸਾਮੰਤਵਾਦ ਰਾਜਪੂਤਾਂ ਕਾਰਨ ਪੈਦਾ ਤਾਂ ਨਹੀਂ ਹੋਇਆ, ਪਰੰਤੂ ਇਸ ਕਾਲ ਨੇ ਸਾਮੰਤਵਾਦ ਦੀ ਉਨਤੀ ਵਿਚ ਖਾਸਾ ਯੋਗਦਾਨ ਪਾਇਆ। ਰਾਜਪੂਤਾਂ ਦੇ ਅਨੇਕਾਂ ਵੰਸ਼ ਤੇ ਰਾਜੇ ਸਨ। ਲਗਭਗ 400 ਸਾਲ ਇਹ ਆਪਸ ਵਿਚ ਅਤੇ ਫਿਰ ਤੁਰਕਾਂ ਤੇ ਅਫਗਾਨਾਂ ਨਾਲ ਲੜਦੇ ਰਹੇ। ਲਗਭਗ 650 ਈ. ਤੋਂ 1206 ਈ. ਤੱਕ ਦਾ ਸਮਾਂ ਰਾਜਪੂਤ ਕਾਲ ਕਿਹਾ ਜਾ ਸਕਦਾ ਹੈ।

## 647 ਈ. ਪਿੱਛੋਂ ਉੱਤਰੀ ਭਾਰਤ :

ਪਾਠ ਨੰਬਰ 11 ਅਤੇ 12 ਵਿਚ ਅਸੀਂ ਹਰਸ਼ਵਰਧਨ ਦੀ ਮੌਤ (647 ਈ.) ਪਿਛੋਂ ਉੱਤਰੀ ਭਾਰਤ ਦੀ ਛੋਟੇ ਛੋਟੇ ਰਾਜਾਂ ਵਿਚ ਵੰਡ ਦਾ ਜ਼ਿਕਰ ਕੀਤਾ ਸੀ। ਪਾਠ ਨੰਬਰ 12 ਵਿਚ ਅਸੀਂ ਵੇਖਿਆ ਕਿ ਦੱਖਣੀ ਭਾਰਤ ਵੀ ਸੱਤਵੀਂ ਸਦੀ ਤੱਕ ਕਈ ਛੋਟੀਆਂ ਛੋਟੀਆਂ ਜ਼ਮੀਂਦਾਰਾ ਸ਼ਕਤੀਆਂ ਨੂੰ ਜਨਮ ਦੇ ਚੁੱਕਿਆ ਸੀ। ਰਾਜਸੀ ਏਕਤਾ ਦਾ ਛਿੰਨ-ਭਿੰਨ ਹੋਣਾ ਉੱਤਰੀ ਤੇ ਦੱਖਣੀ ਭਾਰਤ ਵਿਚ ਇਕੋ ਜਿਹਾ ਹੀ ਸੀ। ਜਿੱਥੇ ਦੱਖਣੀ ਭਾਰਤ ਵਿਚ ਚਾਲੂਕੀਆ, ਪਾਂਡੀਆ ਅਤੇ ਰਾਸ਼ਟਰਕੂਟ ਆਪਸ ਵਿਚ ਟਕਰਾਉਂਦੇ ਰਹੇ ਉੱਥੇ ਉੱਤਰੀ ਭਾਰਤ ਵਿਚ ਵੀ ਤਿੰਨ ਪ੍ਰਮੁੱਖ ਸ਼ਕਤੀਆਂ (1) ਪਰਤੀਹਾਰਾਂ (2) ਰਾਸ਼ਟਰਕੂਟ ਅਤੇ ਪਾਲ ਵੰਸ਼ ਆਪਸ ਵਿਚ ਭਿੜਦੇ ਰਹੇ। ਪਰਤੀਹਾਰਾ ਦਾ ਸੰਬੰਧ ਰਾਜਸਥਾਨ ਨਾਲ ਸੀ ਅਤੇ ਪਾਲ ਵੰਸ਼ ਬੰਗਾਲ ਦਾ ਸੀ। ਰਾਸ਼ਟਰਕੂਟਾਂ ਦੀ ਕਨੌਜ ਵਿਚ ਦਿਲਚਸਪੀ ਕਾਰਨ, ਇਹ ਸ਼ਹਿਰ ਉੱਤਰੀ ਭਾਰਤ ਦੀ ਰਾਜਨੀਤੀ ਦਾ ਕੇਂਦਰ ਬਣ ਗਿਆ। ਕਨੌਜ ਲਈ ਰਾਸ਼ਟਰਕੂਟਾਂ, ਪਰਤੀਹਾਰਾ ਤੇ ਪਾਲ ਸ਼ਕਤੀਆਂ ਵਿਚ ਲੰਮਾ ਸੰਘਰਸ਼ ਉਸ ਵੇਲੇ ਚੱਲ ਰਿਹਾ ਸੀ ਜਦੋਂ ਅਰਬਾਂ ਦੇ ਹਮਲੇ ਸਿੰਧ ਉੱਪਰ ਸ਼ੁਰੂ ਹੋ ਚੁੱਕੇ ਸਨ। 712 ਈ. ਨੂੰ ਅਰਬਾਂ ਦਾ ਸਿੰਧ ਉੱਪਰ ਕਬਜ਼ਾ ਹੋ ਗਿਆ। ਪਰਤੀਹਾਰਾ ਨੇ ਅਰਬਾਂ ਨੂੰ ਤਾਂ ਅੱਗੇ ਵਧਣ ਤੋਂ ਰੋਕ ਦਿੱਤਾ ਸੀ ਪਰੰਤੂ ਆਪ ਰਾਜਸਥਾਨ, ਉਜੈਨ ਅਤੇ ਕਨੌਜ ਵਿਚ ਸਥਿਤੀ ਮਜ਼ਬੂਤ ਕਰਨ ਲਈ ਪਾਲਿਆ ਨਾਲ ਉਲਝ ਗਏ। ਪਾਲ ਵੰਸ਼ ਦਾ ਧਰਮਪਾਲ ਬੰਗਾਲ ਤੇ ਬਿਹਾਰ ਦਾ ਸ਼ਕਤੀਸਾਲੀ ਸ਼ਾਸਕ ਸੀ। ਉਸ ਦੇ ਤਿੱਬਤ, ਚੀਨ ਅਤੇ ਦੱਖਣੀ ਏਸ਼ੀਆ ਦੇ ਦੇਸ਼ਾਂ ਨਾਲ ਚੰਗੇ ਰਾਜਨੀਤਕ ਤੇ ਵਿਉਪਾਰਕ ਸੰਬੰਧ ਸਨ। ਰਾਸ਼ਟਰਕੂਟਾਂ ਨੇ ਕਨੌਜ ਪਾਲਿਆ ਤੋਂ ਖੋਹ ਲਿਆ ਸੀ। ਭੋਜ ਅਧੀਨ ਪਰਤੀਹਾਰਾ ਨੇ ਅਰਬਾਂ ਨੂੰ ਤਾਂ ਠੱਲ ਪਾ ਦਿੱਤੀ ਪਰੰਤੂ ਉਹ ਦੱਖਣ ਵਿਚ ਉੱਭਰ ਰਹੀ ਰਾਸ਼ਟਰਕੂਟਾਂ ਦੀ ਸ਼ਕਤੀ ਵੱਲ ਧਿਆਨ ਨਾ ਦੇ ਸਕੇ।

ਮੌਕੇ ਦਾ ਫਾਇਦਾ ਉਠਾ ਕੇ 916 ਈ. ਨੂੰ ਰਾਸ਼ਟਰਕੂਟਾਂ ਨੇ ਉੱਤਰੀ ਭਾਰਤ ਤੇ ਹਮਲਾ ਕੀਤਾ। ਉਨ੍ਹਾਂ ਦਾ ਨਿਸ਼ਾਨਾ ਕਨੌਜ ਸੀ। ਹਮਲੇ ਨੇ ਪਰਤੀਹਾਰਾ ਦੀ ਸ਼ਕਤੀ ਤਹਿਸ ਨਹਿਸ ਕਰ ਦਿੱਤੀ। ਉੱਤਰ ਭਾਰਤ ਹੋਰ ਵੀ ਛੋਟੇ ਛੋਟੇ ਰਾਜਾਂ ਵਿਚ ਖਿੰਡ ਗਿਆ। 10ਵੀਂ ਸਦੀ ਦੇ ਸ਼ੁਰੂ ਵਿਚ ਅਰਬ ਯਾਤਰੀ ਮਾਸੂਦੀ ਨੇ ਕਨੌਜ ਦਾ ਦੌਰਾ ਕੀਤਾ। 1018 ਈ. ਨੂੰ ਤੁਰਕ ਸੈਨਾ ਕਨੌਜ ਵਿਚ ਘੁਸ ਗਈ ਅਤੇ ਉੱਤਰੀ ਭਾਰਤ ਵਿਚੋਂ ਪਰਤੀਹਾਰ ਸ਼ਕਤੀ ਦਾ ਅੰਤ ਹੋ ਗਿਆ। ਠੀਕ ਇਸੇ ਹੀ ਸਮੇਂ ਪਾਲ ਵੰਸ਼ ਤੇ ਰਾਸ਼ਟਰਕੂਟਾਂ ਦੀ ਸ਼ਕਤੀ ਦਾ ਅੰਤ ਚੋਲ ਸਮਰਾਟ ਰਜਿੰਦਰ ਨੇ ਕਰ ਦਿੱਤਾ।

## ਹੋਰ ਛੋਟੇ ਛੋਟੇ ਰਾਜ :

ਉੱਤਰੀ ਭਾਰਤ ਵਿਚ ਤਿੰਨ ਸ਼ਕਤੀਆਂ ਦੇ ਪਤਨ ਪਿਛੋਂ ਅਨੇਕਾਂ ਛੋਟੇ ਰਾਜ ਸਾਹਮਣੇ ਆਏ ਜਿਵੇਂ ਕਿ ਨੇਪਾਲ, ਕਾਮਰੂਪ ਜਾਂ ਅਸਾਮ, ਕਸ਼ਮੀਰ, ਉਤਕਲ ਜਾਂ ਉੜੀਸਾ। ਪੂਰਬੀ ਤੱਟ ਉੱਪਰ ਪੂਰਬੀ ਚਾਲੂਕੀਆ ਤੇ ਗੰਗੇ ਜਦੋਂ ਕਿ ਪੱਛਮੀ ਭਾਰਤ ਵਿਚ ਗੁਜਰਾਤ ਦੇ ਚਾਲੂਕੀਆ ਜਿਨ੍ਹਾਂ ਨੂੰ ਸੋਲੰਕੀ ਵੀ ਆਖਦੇ ਹਨ - ਸਾਹਮਣੇ ਆਏ। ਹਰ ਸਥਾਨਕ ਸ਼ਕਤੀ ਵਿਚ ਅਜ਼ਾਦੀ ਦੀ ਤੀਬਰ ਇੱਛਾ ਸੀ।

ਹਿਮਾਲਾ ਦੇ ਪੈਰਾਂ ਵਿਚ ਅਨੇਕਾਂ ਰਿਆਸਤਾਂ ਦਾ ਜਨਮ ਇਸ ਵੇਲੇ ਹੀ ਹੋਇਆ। ਚੰਬਾ, ਜੰਮੂ, ਤਰੀਗਰਤਾ ਜਾਂ

ਜਲੰਧਰ – ਕਾਂਗੜਾ, ਕੁੱਲੂ ਜਾਂ ਕੁਲਟਾ, ਕਮਾਊ ਤੇ ਗੜ੍ਹਵਾਲ – ਇਹ ਸਭ ਰਾਜ ਉੱਤਰੀ ਮੈਦਾਨਾਂ ਵਿਚ ਚੱਲ ਰਹੇ ਖੂਨੀ ਸੰਘਰਸ਼ ਤੋਂ ਲਾਂਭੇ ਰਹੇ।

## ਉੱਤਰ-ਪੱਛਮੀ ਭਾਰਤ :

9ਵੀਂ ਸਦੀ ਵਿਚ ਕਾਬਲ ਅਤੇ ਪਿਸ਼ਾਵਰ (ਗੰਧਾਰਾ) ਵਾਦੀਆਂ ਵਿਚ ਤੁਰਕ ਖਾਨਦਾਨ ਜਿਨ੍ਹਾਂ ਨੂੰ ਸ਼ਾਹੀਆ (the Shahiyas) ਕਹਿੰਦੇ ਸਨ – ਰਾਜ ਕਰਦੇ ਸਨ। ਤੁਰਕ ਬਾਦਸ਼ਾਹ ਦੇ ਬ੍ਰਾਹਮਣ ਮੰਤਰੀ ਨੇ ਬਗਾਵਤ ਕਰਕੇ ਹਿੰਦੂ-ਸ਼ਾਹੀ ਵੰਸ਼ ਦੀ ਨੀਂਹ ਰੱਖੀ। ਅਫਗਾਨਾਂ ਵਲੋਂ ਦਬਾ ਕਾਰਨ ਉਹ ਪੂਰਬ ਵੱਲ ਖਿਸਕ ਆਇਆ ਅਤੇ ਅਟਕ ਦੇ ਇਲਾਕੇ ਵਿਚ ਰਾਜ ਕਰਨ ਲੱਗਿਆ। ਉਸ ਦੇ ਉੱਤਰਾਧਿਕਾਰੀ ਜੈਪਾਲ ਨੇ ਪੰਜਾਬ ਦੇ ਮੈਦਾਨਾਂ ਤੇ ਕਬਜਾ ਕਰ ਲਿਆ। ਜੈਪਾਲ ਨੂੰ ਹੀ 12ਵੀਂ ਸਦੀ ਵਿਚ ਗਜਨੀ ਦਾ ਸਾਹਮਣਾ ਕਰਨਾ ਪਿਆ।

## ਰਾਜਪੂਤਾਂ ਦਾ ਦ੍ਰਿਸ਼ ਤੇ ਆਉਣਾ :

ਠੀਕ ਇਸ ਸਮੇਂ 800-900 ਈ. ਉਹ ਲੋਕ ਜਿਨਾਂ ਨੂੰ ਰਾਜਪੂਤ ਕਿਹਾ ਜਾਂਦਾ ਹੈ, ਸਾਹਮਣੇ ਆਏ। ਰਾਜਪੂਤ ਕੌਣ ਸਨ ? ਇਸ ਪ੍ਰਸ਼ਨ ਦਾ ਉੱਤਰ ਇਸ ਤਰ੍ਹਾਂ ਦਿੱਤਾ ਜਾ ਸਕਦਾ ਹੈ :

(1) ਰਾਜਪੂਤ ਕੋਈ ਨਸਲ (Race) ਨਹੀਂ ਸਨ। ਇਹ ਸਾਰੇ ਦੇ ਸਾਰੇ ਹੂਣ ਜਾਂ ਕਿਸੇ ਹੋਰ ਬਿਦੇਸ਼ੀ ਜਾਤੀ ਜਾਂ ਕਬੀਲੇ ਨਾਲ ਵੀ ਸੰਬੰਧਤ ਨਹੀਂ ਸਨ। ਪਰੰਤੂ ਸਾਰੇ ਰਾਜਪੂਤ ਵੰਸ਼ ਕਸ਼ੱਤਰੀ ਜਾਂ ਮੂਲ ਭਾਰਤੀ ਵੀ ਨਹੀਂ ਸਨ। ਕੁੱਲ ਮਿਲਾ ਕੇ ਰਾਜਪੂਤਾਂ ਦੀ ਉਤਪਤੀ ਅਨੇਕਾਂ ਸੋਮਿਆਂ ਤੋਂ ਹੋਈ ਅਤੇ ਇਹ ਅਚਾਨਕ ਨਹੀਂ ਹੋਈ। ਰਾਜਪੂਤ ਭਾਰਤੀ ਇਤਿਹਾਸ ਅਤੇ ਸਮਾਜ ਵਿਚ ਆਏ ਪਰਿਵਰਤਨਾਂ ਵਿਚੋਂ ਪੈਦਾ ਹੋਏ।

(2) ਰਾਜਪੂਤਾਂ ਦੇ ਵਿਦੇਸ਼ੀ ਹੋਣ ਬਾਰੇ ਭੁਲੇਖੇ ਇਸ ਕਰਕੇ ਵੀ ਪੈਂਦੇ ਹਨ ਕਿ ਬ੍ਰਾਹਮਣਾਂ ਵੱਲੋਂ ਉਨ੍ਹਾਂ ਲਈ ਸਹਿਨਸ਼ਾਹੀ ਵੰਸ਼ਾਵਲੀਆਂ ਘੜੀਆਂ ਗਈਆਂ ਜਿਨ੍ਹਾਂ ਦਾ ਉਦੇਸ਼ ਰਾਜਪੂਤਾਂ ਨੂੰ ਪ੍ਰਾਚੀਨ ਕਸ਼ੱਤਰੀਆਂ ਦਾ ਰੁਤਬਾ ਦੇਣਾ ਸੀ। ਆਪਣੇ ਆਪ ਲਈ ਕਸ਼ੱਤਰੀ ਹੋਣ ਦਾ ਦਾਅਵਾ ਰਾਜਪੂਤਾਂ ਨੂੰ ਜ਼ੋਰ ਨਾਲ ਕਰਨਾ ਪਿਆ। ਜੇ ਉਹ ਸੱਚਮੁੱਚ ਹੀ ਕਸ਼ੱਤਰੀ ਸਨ ਤਾਂ ਫਿਰ ਦਾਅਵੇਦਾਰੀ ਜ਼ੋਰ ਲਾ ਕੇ ਕਰਨ ਦੀ ਜਰੂਰਤ ਹੀ ਨਾ ਪੈਂਦੀ। ਵੰਸ਼ਾਵਲੀਆਂ ਉਨ੍ਹਾਂ ਨੂੰ ਚੰਦਰਵੰਸ਼ੀ ਤੇ ਸੂਰਜਵੰਸ਼ੀ ਮੰਨਦੀਆਂ ਹਨ। ਪੇਸ਼ਕਾਰੀ ਦੀ ਇਹ ਵਿਧੀ ਪੁਰਾਣਾਂ ਤੋਂ ਆਈ।

(3) ਰਾਜਪੂਤਾਂ ਨੂੰ 9ਵੀਂ ਤੇ 10ਵੀਂ ਸਦੀ ਵਿਚ ਸੱਤਾ ਪ੍ਰਾਪਤ ਹੋਈ। ਇਸ ਸਮੇਂ ਉਨ੍ਹਾਂ ਦੇ ਚਾਰ ਵੰਸ਼ ਆਪਣੇ ਆਪ ਲਈ ਖਾਸ ਰੁਤਬਾ (Special Status) ਮੰਗਦੇ ਸਨ। ਇਹ ਵੰਸ਼ ਸਨ :

(1) ਪਰਤੀਹਾਰ ਜਾਂ ਪਰੀਹਾਰ (ਇਹ ਪਰਤੀਹਾਰ ਗੁਜਰ ਪਰਤੀਹਾਰਾ ਤੋਂ ਵੱਖ ਸਨ)

(2) ਚਾਹਮਾਨਜ ਜਾਂ ਚੌਹਾਨ

(3) ਚਾਲੂਕੀਆ (ਜੋ ਕਿ ਦੱਖਣੀ ਚਾਲੂਕੀਆ ਤੋਂ ਭਿੰਨ ਸਨ) ਜਿਨਾਂ ਨੂੰ ਸੌਲੰਕੀ ਕਿਹਾ ਜਾਂਦਾ ਹੈ।

(4) ਪਰਮਾਰਾ ਜਾਂ ਪਵਾਰ

ਇਨ੍ਹਾਂ ਚਾਰਾਂ ਵੰਸ਼ਾਂ ਬਾਰੇ ਮਿੱਥ ਹੈ ਕਿ ਇਹ ਆਬੂ ਪਹਾੜ ਤੇ ਕੀਤੇ ਮਹਾਂਯੱਗ ਦੀ ਅਗਨੀ ਕੁੰਡ ਵਿਚੋਂ ਪੈਦਾ ਹੋਏ। ਭਾਵ ਇਨ੍ਹਾਂ ਦੀ ਕੁਲ ਜਾਂ Family ਅਗਨੀ (Fire) ਸੀ। ਹਿਸਟੋਰੀਅਨ ਰੋਮੀਲਾ ਥਾਪਰ ਅਨੁਸਾਰ ਇਸ ਕਿਸਮ ਦਾ ਦਾਅਵਾ ਕਿਸੇ ਹੁਕਮਰਾਨ ਵਰਗ ਵੱਲੋਂ ਪਹਿਲੀ ਵਾਰ ਕੀਤਾ ਗਿਆ। ਨਹੀਂ ਤਾਂ ਹਰ ਜੇਤੂ ਕਬੀਲਾ ਜਾਂ ਕੌਮ ਆਪ ਮੁਹਾਰੀ ਹੀ ਉੱਚੀ ਜਾਤੀ ਬਣ ਜਾਂ ਮੰਨ ਲਈ ਜਾਂਦੀ ਸੀ।

(4) ਰਾਜਪੂਤਾਂ ਦੀ ਉਤਪਤੀ ਰਾਜਸਥਾਨ ਵਿਚ ਹੀ ਹੋਈ ਅਤੇ ਇਹ ਹੂਣ ਤੇ ਹੋਰ ਜਾਤੀਆਂ ਦੇ ਬਾਹਰ ਤੋਂ ਆ ਕੇ ਵਸਣ ਤੋਂ ਪਿੱਛੋਂ ਹੀ ਹੋਈ। ਉਸ ਵੇਲੇ ਰਾਜਸਥਾਨ ਵਿਚ ਗਣਤੰਤਰੀ ਕਬੀਲੇ ਰਾਜ ਕਰਦੇ ਸਨ। ਗੈਰ-ਭਾਰਤੀ ਜਾਤੀਆਂ ਲਈ ਗਣਤੰਤਰੀ ਰਾਜਨੀਤਕ ਪ੍ਰਣਾਲੀ ਰਾਹੀਂ ਸਥਾਨਕ ਸਮਾਜ ਤੇ ਸੰਸਕ੍ਰਿਤੀ ਵਿਚ ਪ੍ਰਵੇਸ਼ ਵਧੇਰੇ ਆਸਾਨ ਸੀ, ਨਿਸਬਤ ਰਾਜਾਸ਼ਾਹੀ ਤੇ ਰੂੜੀਵਾਦੀ ਨਿਜਾਮ ਦੇ।

(5) ਅਗਨੀ ਕੁੰਡ ਵਿਚੋਂ ਪੈਦਾਇਸ਼ ਦਾ ਦਾਅਵਾ ਕਰਨ ਵਾਲੇ ਚਾਰ ਵੰਸ਼ ਸ਼ੁਰੂ ਦੇ ਰਾਜਪੂਤ ਸ਼ਾਸਕ ਸਨ। ਇਨ੍ਹਾਂ ਦੀ ਸ਼ਕਤੀ ਦਾ ਉਥਾਨ ਪਰਤੀਹਾਰਾ ਸਾਮਰਾਜ ਦੇ ਖੰਡਰਾਂ ਉੱਪਰ ਹੋਇਆ। ਪਰੀਹਾਰ ਦੱਖਣੀ ਰਾਜਸਥਾਨ ਤੇ ਚੌਹਾਨ ਪੂਰਬੀ ਰਾਜਸਥਾਨ ਤੇ ਦਿੱਲੀ ਦੇ ਆਸ ਪਾਸ ਰਾਜ ਕਰਨ ਲੱਗੇ। ਇਹ ਦੋਵੇਂ ਵੰਸ਼ ਪਰਤੀਹਾਰਾ ਦੇ ਸਾਮੰਤ ਸਨ ਜਿਨਾਂ ਨੇ ਅਰਬਾਂ ਨੂੰ ਰੋਕਣ ਲਈ ਆਪਣੇ ਬਾਦਸ਼ਾਹ ਦਾ ਸਾਥ ਦਿੱਤਾ। ਪਿੱਛੋਂ ਇਨ੍ਹਾਂ ਨੇ ਮਹਾਰਾਜਅਧਿਰਾਜ ਦੀ ਉਪਾਧੀ ਧਾਰਨ ਕੀਤੀ ਤੇ ਆਜ਼ਾਦ ਹੋ ਗਏ।

ਸੋਲੰਕੀ ਵੰਸ਼ ਕਾਠੀਆਵਾੜ ਆਧਾਰਤ ਸੀ ਤੇ ਇਸ ਦੀਆਂ ਸ਼ਾਖਾਵਾਂ ਮਾਲਵਾ, ਚੇਦੀ, ਪਟਣ ਅਤੇ ਬੜੋਚ ਵਿਚ ਸਨ। 950 ਤੋਂ ਪਿੱਛੋਂ ਇਹ ਵੰਸ਼ ਹਰ ਕਿਸੇ ਨਾਲ ਯੁੱਧ ਵਿਚ ਲਿਪਤ ਸੀ।

ਪਵਾਰ ਮਾਲਵੇ ਵਿਚ ਰਾਸ਼ਟਰਕੂਟਾਂ ਦੇ ਸਾਮੰਤ ਸਨ, ਪਰੰਤੂ 10ਵੀਂ ਸਦੀ ਵਿਚ ਆਜ਼ਾਦ ਹੋ ਗਏ। ਪਵਾਰ ਸ਼ੁਰੂ ਵਿਚ ਆਪਣੀ ਉਤਪਤੀ ਰਾਸ਼ਟਰਕੂਟਾਂ ਤੋਂ ਮੰਨਦੇ ਸਨ ਪਰੰਤੂ ਬਾਅਦ ਵਿਚ ਇਹ ਵੀ ਚੌਹਾਨਾਂ ਵਾਂਗ ਆਪਣੇ ਆਪ ਨੂੰ ਅਗਨੀ ਨਾਲ ਜੋੜਨ ਲੱਗੇ।

## ਹੋਰ ਰਾਜਪੂਤ ਵੰਸ਼ :

ਰਾਜਪੂਤਾਂ ਦੀ ਉਤਪਤੀ ਬਹਿਸ ਅਤੇ ਸ਼ੱਕ ਭਰਪੂਰ ਵਿਸ਼ਾ ਹੈ। ਸੂਰਜ ਅਤੇ ਚੰਦਰਮਾ ਨਾਲ ਸੰਬੰਧਤ ਅਨੇਕਾਂ ਜਾਤੀਆਂ ਤੇ ਵੰਸ਼ਾਂ ਨੇ ਉੱਤਰੀ ਤੇ ਕੇਂਦਰੀ ਭਾਰਤ ਵਿਚ ਰਾਜ ਕਾਇਮ ਕੀਤੇ। ਇਨ੍ਹਾਂ ਵਿਚ ਚੰਦੇਲ ਪ੍ਰਮੁੱਖ ਸਨ। ਇਹ ਖਜੁਰਾਹੋ ਨਾਲ ਸੰਬੰਧਤ ਸਨ। ਇਸੇ ਤਰ੍ਹਾਂ ਮੇਵਾੜ ਦੇ ਗੁਹੀਲਾ ਸਨ। ਅਰਬਾਂ ਦੇ ਹਮਲਿਆਂ ਨੇ ਕੇਂਦਰੀ ਸ਼ਕਤੀਆਂ ਜਿਵੇਂ ਕਿ ਪਰਤੀਹਾਰਾ ਅਤੇ ਰਾਸ਼ਟਰਕੂਟਾਂ ਨੂੰ ਕਮਜ਼ੋਰ ਕਰਕੇ ਸਾਮੰਤਾਂ ਨੂੰ ਆਜ਼ਾਦ ਹੋਣ ਦਾ ਮੌਕਾ ਦਿੱਤਾ। ਚੌਹਾਨਾਂ ਦੇ ਉੱਤਰ-ਪੂਰਬੀ ਗਵਾਂਢੀ ਤੋਮਰ ਸਨ। ਤੋਮਰ ਪਰੀਹਾਰਾ ਦੇ ਵੀ ਸਾਮੰਤ ਸਨ ਅਤੇ ਦਿੱਲੀ-ਹਰਿਆਣਾ ਉੱਪਰ ਥਾਨੇਸਰ ਤੱਕ ਰਾਜ ਕਰਦੇ ਸਨ। ਦਿੱਲੀ 736 ਈ. ਵਿਚ ਤੋਮਰਾਂ ਨੇ ਹੀ ਵਸਾਈ। ਪਰਤੀਹਾਰਾ ਦੇ ਹੀ ਇਕ ਹੋਰ ਸਾਮੰਤ ਕਲਚੂਰੀ ਵੀ ਤਰੀਪੁਰੀ ਦੇ ਆਜ਼ਾਦ ਰਾਜੇ ਬਣੇ।

## ਮਹੱਤਵਪੂਰਨ ਰਾਜਪੂਤ ਵੰਸ਼ ਤੇ ਰਾਜੇ :

## (1) ਕਨੌਜ ਦੇ ਪਰਤੀਹਾਰ ਤੇ ਰਾਠੌਰ :

ਪਰਤੀਹਾਰਾ ਦਾ ਰਾਜ ਅਵੰਤੀ ਤੋਂ ਸ਼ੁਰੂ ਹੋਇਆ ਅਤੇ ਇਨ੍ਹਾਂ ਦਾ ਪਹਿਲਾ ਚੀਫ ਨਾਗਭੱਟ ਸੀ। ਉਸ ਨੇ 730-756 ਈ. ਤੱਕ ਰਾਜ ਕੀਤਾ। ਇਨ੍ਹਾਂ ਦਾ ਚੌਥਾ ਰਾਜਾ ਵੱਤਸਰਾਜ ਸੀ ਜਿਸ ਨੇ 778 ਈ. ਵਿਚ ਗੱਦੀ ਸੰਭਾਲੀ। ਸਭ ਤੋਂ ਪ੍ਰਸਿੱਧ ਸ਼ਾਸਕ ਮਿਹਰ ਭੋਜ (840-55) ਸੀ। ਉਸ ਨੇ ਬੰਗਾਲ ਦੇ ਰਾਜੇ ਦੇਵਪਾਲ ਨੂੰ ਹਰਾਇਆ ਪਰੰਤੂ ਆਪ ਧਰੁਵ ਦੂਜੇ ਅਤੇ ਗੁਜਰਾਤ ਦੇ ਸ਼ਾਸਕ ਤੋਂ ਹਾਰ ਗਿਆ। ਮਹੀਪਾਲ ਅਗਲਾ ਰਾਜਾ ਸੀ ਉਸ ਨੇ 912 ਤੋਂ 944 ਈ. ਤੱਕ ਰਾਜ ਕੀਤਾ। ਦਸਵੀਂ ਸਦੀ ਦੇ ਅੰਤ ਸਮੇਂ ਰਾਜਪਾਲ ਹੁਕਮਰਾਨ ਸੀ। 1018 ਈ. ਨੂੰ ਮਹਿਮੂਦ ਗਜਨਵੀ ਨੇ ਉਸ ਨੂੰ ਹਰਾ ਕੇ ਸਾਰਾ ਰਾਜ ਖੋਹ ਲਿਆ।

ਗਰੜੇਵਾੜ ਜਾਂ ਰਾਠੌਰ ਵੰਸ਼ ਦਾ ਪਹਿਲਾ ਰਾਜਾ ਚੰਦਰ ਦੇਵ ਸੀ। ਉਸ ਦਾ ਦੇਹਾਂਤ 1100 ਈ. ਵਿਚ ਹੋ ਗਿਆ। ਇਸ ਵੰਸ਼ ਦਾ ਸਭ ਤੋਂ ਸ਼ਕਤੀਸਾਲੀ ਸ਼ਾਸਕ ਗੋਬਿੰਦ ਚੰਦਰ ਸੀ। ਜੈ ਚੰਦ ਵੀ ਇਸੇ ਵੰਸ਼ ਦਾ ਸੀ।

## ਬੁੰਦੇਲ ਖੰਡ ਮੱਧ ਭਾਰਤ ਦੇ ਚੰਦੇਲ :

ਬੁੰਦੇਲਖੰਡ ਪਰਤੀਹਾਰਾ ਦੀ ਸਮੰਤੀ (Vassalage) ਸੀ। ਚੰਦੇਲ ਨਾਮੀ ਵਿਅਕਤੀ ਨੇ ਇਸ ਦਾ ਆਜ਼ਾਦ ਰਾਜ ਦੇ ਰੂਪ ਵਿਚ ਦਸਵੀਂ ਸਦੀ ਵਿਚ ਮੁੱਢ ਬੱਧਾ। ਯਸੋਵਰਮਨ ਪ੍ਰਸਿੱਧ ਰਾਜਾ ਸੀ। ਉਸ ਨੇ ਕਲਿੰਜਰ ਜਿੱਤਿਆ। ਮਾਹੋਬਾ ਉਸ ਦੀ ਰਾਜਧਾਨੀ ਸੀ। ਗੰਡਾ ਤੇ ਕੀਰਤੀਵਰਮਨ ਦੋ ਹੋਰ ਰਾਜੇ ਇਸੇ ਵੰਸ਼ ਦੇ ਸਨ। ਕੀਰਤੀਵਰਮਨ ਨੇ ਚੇਦੀ ਦੇ ਸ਼ਾਸਕ ਨੂੰ ਹਰਾਇਆ। ਇਸ ਵੰਸ਼ ਦਾ ਆਖਰੀ ਰਾਜਾ ਪਰਮਲ ਸੀ।

## ਚੇਦੀ ਦੇ ਕਲਚੂਰੀ :

ਤਿਰਪਤੀ (ਨਰਬਦਾ ਤੇ ਗੋਦਾਵਰੀ ਦੇ ਵਿਚਕਾਰ) ਕਲਚੂਰੀਆ ਦੀ ਰਾਜਧਾਨੀ ਸੀ। ਪ੍ਰਸਿੱਧ ਰਾਜੇ ਗੰਗਦੇਵ (1015–1045) ਅਤੇ ਕਰਮ ਦੇਵ (1040–1070) ਸਨ। ਗਣਪਤੀਆਂ, ਯਾਦਵਾਂ ਤੇ ਬਘੇਲਾਂ ਦੀ ਮਾਰ ਇਹ ਰਾਜ ਨਾ ਝੱਲ ਸਕਿਆ।

## ਮਾਲਵਾ ਦੇ ਪਰਮਾਰ :

ਇਨ੍ਹਾਂ ਦਾ ਜ਼ਿਕਰ ਅਸੀਂ ਉੱਪਰ ਕਰ ਚੁੱਕੇ ਹਾਂ। ਪ੍ਰਸਿੱਧ ਰਾਜਾ ਉਪੇਂਦਰ (1010–1060) ਸੀ। ਉਹ ਕਵੀਆਂ ਤੇ ਸਾਹਿਤਕਾਰਾਂ ਦਾ ਸਰਪ੍ਰਸਤ ਤੇ ਮਹਾਨ ਜੇਤੂ ਸੀ। ਭੂਪਾਲ ਦੇ ਦੱਖਣ-ਪੂਰਬ ਵਿਚ ਉਸ ਨੇ ਭੋਜਪੁਰ ਦੀ ਵਿਸ਼ਾਲ ਝੀਲ ਬਣਵਾਈ।

## ਦਿੱਲੀ ਅਤੇ ਅਜਮੇਰ ਦੇ ਚੌਹਾਨ :

ਇਨ੍ਹਾਂ ਦਾ ਮਹੱਤਵਪੂਰਨ ਬਾਦਸ਼ਾਹ ਵਿਸ਼ਾਲ ਦੇਵ (1153–64) ਸੀ। ਉਸ ਦਾ ਭਤੀਜਾ ਮਸ਼ਹੂਰ ਪ੍ਰਿਥਵੀਰਾਜ ਸੀ। ਚਾਂਦ ਬਰਦਾਈ ਇਸ ਵੰਸ਼ ਦਾ ਮਹਾਨ ਕਵੀ ਸੀ।

## ਬੰਗਾਲ–ਬਿਹਾਰ ਦੇ ਪਾਲ ਅਤੇ ਸੇਨ :

ਪਾਲ ਵੰਸ਼ ਦਾ ਗੋਪਾਲ (750–65) ਪਹਿਲਾ ਸ਼ਾਸਕ ਸੀ। ਉਸ ਤੋਂ ਪਿਛੋਂ ਧਰਮ ਪਾਲ ਰਾਜਾ ਬਣਿਆ ਜਿਸ ਬਾਰੇ ਅਸੀਂ ਇਸ ਪਾਠ ਦੇ ਸ਼ੁਰੂ ਵਿਚ ਵੀ ਗੱਲ ਕੀਤੀ ਸੀ। ਉਹ ਰਾਸ਼ਟਰਕੂਟਾਂ ਤੇ ਪਰਤੀਹਾਰਾਂ ਨਾਲ ਲੜਦਾ ਰਿਹਾ। ਉਸ ਨੇ ਕਨੌਜ ਨੂੰ ਜਿੱਤ ਕੇ ਉਥੇ ਦਰਬਾਰ ਲਾਇਆ। ਉਸ ਦਾ ਰਾਜ ਖਾੜੀ ਬੰਗਾਲ ਤੋਂ ਲੈ ਕੇ ਜਲੰਧਰ ਤੱਕ ਫੈਲਿਆ ਸੀ। ਤੇ ਉਹ ਬੁੱਧ ਧਰਮ ਦਾ ਵੱਡਾ ਸਰਪ੍ਰਸਤ ਸੀ।

ਧਰਮ ਪਾਲ (770–810) ਤੋਂ ਪਿਛੋਂ ਦੇਵ ਪਾਲ (810–50) ਗੱਦੀ ਉੱਪਰ ਬੈਠਾ। ਇਸ ਨੇ ਪਰਤੀਹਾਰਾ ਦੇ ਸ਼ਕਤੀਸਾਲੀ ਰਾਜੇ ਭੋਜ ਨੂੰ ਹਰਾਇਆ।

12ਵੀਂ ਸਦੀ ਦੇ ਸ਼ੁਰੂ ਵਿਚ ਪਾਲ ਵੰਸ਼ ਦੇ ਖਾਤਮੇ ਉੱਪਰ ਬੰਗਾਲ ਵਿਚ ਸੇਨ ਵੰਸ਼ ਦਾ ਰਾਜ ਸਥਾਪਤ ਹੋਇਆ। ਵਿਜੈ ਸੇਨ (1119–1158) ਪਹਿਲਾ ਆਜ਼ਾਦ ਰਾਜਾ ਸੀ।

## ਕਸ਼ਮੀਰ ਦੇ ਕਰਕੋਟ :

ਕਸ਼ਮੀਰ ਦੇ ਕਰਕੋਟ ਵੰਸ਼ ਦਾ ਬਾਨੀ ਦੁਰਲਭ ਵਰਧਨ ਸੀ। ਪਰੰਤੂ ਸਭ ਤੋਂ ਮਸ਼ਹੂਰ ਸ਼ਾਸਕ ਲਲੱਤਦਿੱਤਿਆ ਸੀ। ਉਸ ਨੇ 724 ਈ. ਤੋਂ 760 ਈ. ਤੱਕ ਰਾਜ ਕੀਤਾ। ਉਸ ਨੇ ਕਨੌਜ ਦੇ ਰਾਜੇ ਯਸੋਵਰਮਨ ਨੂੰ ਹਰਾਇਆ। ਉਸ ਨੇ ਅਰਬਾਂ ਨੂੰ ਪੰਜਾਬ ਤੋਂ ਪਰੇ ਰੱਖਿਆ ਪਰੰਤੂ ਬਾਅਦ ਵਿਚ ਕਸ਼ਮੀਰ ਦੇ ਸ਼ਾਸਕਾਂ ਦਾ ਧਿਆਨ ਜੇਹਲਮ ਵਾਦੀ ਉੱਪਰ ਕੇਂਦਰਿਤ ਹੋ ਗਿਆ ਤੇ ਉਨ੍ਹਾਂ ਨੇ ਪੰਜਾਬ ਵੱਲ ਧਿਆਨ ਨਾ ਦਿੱਤਾ। ਕਲਹਨ ਦੀ *ਰਾਜਤਿਰੰਜਨੀ* ਇਸ ਸਮੇਂ ਬਾਰੇ ਵੱਡੀ ਇਤਿਹਾਸਕ ਰਚਨਾ ਸੀ।

## ਰਾਜਪੂਤਾਂ ਦੇ ਆਪਸੀ ਸੰਬੰਧ :

ਲਗਭਗ 400 ਸਾਲ (650–950) ਤੱਕ ਭਾਰਤ ਨੂੰ ਕਿਸੇ ਵੱਡੇ ਵਿਦੇਸ਼ੀ ਹਮਲੇ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ। ਹੂਣ ਬਾਹਰ ਕੱਢ ਦਿੱਤੇ ਗਏ ਸਨ ਅਤੇ ਅਰਬ ਸਿੰਧ ਤੋਂ ਅੱਗੇ ਨਹੀਂ ਸਨ ਵਧ ਸਕੇ। ਇਨ੍ਹਾਂ 400 ਸਾਲਾਂ ਵਿਚ ਮੁਹਿੰਮਾਂ ਤੇ ਲੜੇ ਗਏ ਯੁੱਧ ਅੰਦਰੂਨੀ ਸਨ। ਛੋਟੇ ਛੋਟੇ ਮਸਲਿਆਂ ਨੂੰ ਵੱਡੇ ਕਰਕੇ ਵੇਖਣਾ ਤੇ ਫਿਰ ਲੜ ਪੈਣਾ ਮਾਨੋ ਰੀਤ ਹੀ ਬਣ ਗਿਆ। ਹਰ ਹੁਕਮਰਾਨ ਵੰਸ਼ ਧੰਨ ਜਾਇਆ ਕਰਦਾ – ਫੌਜ ਖੜੀ ਕਰਨ ਲਈ ਤੇ ਦੂਸਰੇ ਨੂੰ ਜਿੱਤਣ ਲਈ ਹਾਲਾਂ ਕਿ ਬਹੁਤਿਆਂ ਨੂੰ ਪਤਾ ਸੀ ਕਿ ਉਹ ਬਹੁਤ ਵੱਡੀ ਸ਼ਕਤੀ ਨਹੀਂ ਬਣ ਸਕਦੇ। ਉੱਭਰ ਰਹੀਆਂ ਸ਼ਕਤੀਆਂ ਸਥਾਨਕ ਸਨ ਤੇ ਬਾਹਰੀ ਸੰਸਾਰ ਨਾਲੋਂ ਟੁੱਟੀਆਂ ਹੋਈਆਂ ਸਨ। ਹਰ ਕੋਈ ਆਪਣੇ ਆਪ ਤੋਂ ਖੁਸ਼ ਸੀ ਹਾਲਾਂ ਕਿ ਵਿਉਪਾਰ ਘਟ ਰਿਹਾ ਸੀ। ਇਸ ਸਥਾਨਕਤਾ ਨੂੰ ਪੂਰਬ ਵੱਲੋਂ ਚੋਲ ਸਮਰਾਟ ਰਾਜਿੰਦਰ ਪਹਿਲੇ (1014–1044) ਅਤੇ ਉੱਤਰ ਪੱਛਮ ਵੱਲੋਂ ਮਹਿਮੂਦ ਗਜ਼ਨਵੀ (998–1030) ਨੇ ਭਾਰੀ ਸੱਟ ਮਾਰੀ।

ਗਜ਼ਨਵੀ ਦੇ ਹਮਲਿਆਂ ਦੇ ਬਾਵਜੂਦ ਵੀ ਰਾਜਪੂਤ ਰਾਜੇ ਅਤੇ ਸਾਮੰਤ 11ਵੀਂ ਅਤੇ 12ਵੀਂ ਸਦੀ ਵਿਚ ਆਪਸ ਵਿਚ ਲੜਦੇ ਰਹੇ। ਇਲਾਕਿਆਂ ਲਈ ਜੱਦੋ ਜਹਿਦ ਨੇ ਯੁੱਧ ਨੂੰ ਹੀ ਰਹਿਤ-ਮਰਿਯਾਦਾ (code) ਬਣਾ ਦਿੱਤਾ। ਪਰੰਤੂ ਯੁੱਧ-ਕਲਾ ਜਾਂ ਤਕਨੀਕ ਵਿਚ ਕੋਈ ਵਿਕਾਸ ਨਾ ਹੋਇਆ। ਜੋਸ਼ ਨਾਲ ਤੇ ਆਹਮਣੇ-ਸਾਹਮਣੇ ਲੜਨਾ ਅਤੇ ਯੁੱਧ ਦੇ ਮੈਦਾਨ ਵਿਚ ਕਮਾਲ ਜਾਂ ਵਿਅਕਤੀਗਤ ਪੱਧਰ ਤੇ ਜੌਹਰ ਵਿਖਾਉਣੇ ਰਾਜਪੂਤਾਂ ਲਈ ਲੜਨ ਦਾ ਢੰਗ ਬਣ ਗਿਆ। ਪਰਮਾਰ ਮਾਲਵੇ ਵਿਚ ਲੜਦੇ ਰਹੇ ਸੋਲੰਕੀ ਗੁਜਰਾਤ ਵਿਚ। 12ਵੀਂ ਸਦੀ ਵਿਚ ਚੌਹਾਨਾਂ ਨੇ ਗੁਜਰਾਤ ਤੇ ਹਮਲਾ ਕਰ ਦਿੱਤਾ। ਗੁਹੀਲੇ ਮੇਵਾੜ ਜਾਂ ਉਦੇਪੁਰ ਤੱਕ ਸੀਮਤ ਸਨ। ਕੁੱਛਵਾਹੇ ਗਵਾਲੀਅਰ ਤੱਕ। ਦਿੱਲੀ ਦੇ ਚੌਹਾਨਾਂ ਲਈ ਕਨੌਜ ਨੂੰ ਜਿਤਨਾ ਹੀ ਸੰਸਾਰ ਫਤਹਿ ਵਰਗਾ ਲਗਦਾ ਸੀ।

## ਰਾਜਪੂਤਾਂ ਦੀ ਹਾਰ ਦੇ ਕਾਰਨ :

ਰਾਜਪੂਤ ਗਿਣਤੀ ਵਿਚ ਤੁਰਕਾਂ ਤੋਂ ਘੱਟ ਨਹੀਂ ਸਨ। ਬਹਾਦਰੀ ਵਿਚ ਘੱਟ ਨਹੀਂ ਸਨ। ਕੁਰਬਾਨੀ ਦਾ ਮਾਦਾ ਵੀ ਬਹੁਤ ਸੀ। ਧਾਰਮਿਕ ਵੀ ਬੇਹੱਦ ਸਨ। ਫਿਰ ਉਹ ਤੁਰਕਾਂ ਤੋਂ ਹਾਰ ਗਏ। ਕਿਉਂ ? ਇਹ ਪ੍ਰਸ਼ਨ ਅਨੇਕਾਂ ਇਤਿਹਾਸਕਾਰਾਂ ਨੂੰ ਪ੍ਰੇਸ਼ਾਨ ਕਰਦਾ ਹੈ। ਹੇਠ ਲਿਖੇ ਨੁਕਤੇ ਰਾਜਪੂਤਾਂ ਦੀ ਹਾਰ ਜਾਂ ਤੁਰਕਾਂ ਦੀ ਸਫਲਤਾ ਉੱਪਰ ਰੋਸ਼ਨੀ ਪਾ ਸਕਦੇ ਹਨ।

### (1) ਉੱਤਰ-ਪੱਛਮੀ ਸੀਮਾ ਦੀਆਂ ਕਠਿਨਾਈਆਂ :

(ੳ) ਉੱਤਰ-ਪੱਛਮੀ ਸੀਮਾ ਕੁਦਰਤੀ ਨਹੀਂ ਸਗੋਂ ਇਤਿਹਾਸਕ ਹੈ। ਅਫਗਾਨਿਸਤਾਨ ਅਤੇ ਪੰਜਾਬ ਜਾਂ ਸਿੰਧ ਵਿਚਕਾਰ ਸੀਮਾ ਹਮੇਸ਼ਾ ਬਦਲਦੀ ਰਹੀ। ਤੁਰਕ ਆਪਣੇ ਹਮਲਿਆਂ ਵਿਚ ਬਹੁਤ ਮੱਠੇ ਸਨ, ਉਨ੍ਹਾਂ ਦੀ ਜਿੱਤ ਨੂੰ ਲਗਭਗ 200 ਸਾਲ ਲੱਗੇ। ਕਿਸੇ ਵੀ ਹਮਲੇ ਦਾ ਅਸਰ ਭੂਗੋਲਿਕ ਤੌਰ ਤੇ ਇਕ ਸਮੇਂ ਸਾਰੇ ਭਾਰਤ ਉੱਪਰ ਤਾਂ ਕੀ ਉੱਤਰੀ ਭਾਰਤ ਤੇ ਵੀ ਮਹਿਸੂਸ ਨਹੀਂ ਸੀ ਕੀਤਾ ਜਾਂਦਾ। ਇਸੇ ਕਰਕੇ ਇਨ੍ਹਾਂ ਵਿਰੁੱਧ ਸਾਂਝੀ ਭਾਵਨਾ ਜਾਂ ਜੱਦੋ ਜਹਿਦ ਨੇ ਜਨਮ ਨਾ ਲਿਆ। ਪੰਜਾਬ ਤੋਂ ਬਾਹਰ ਇਨ੍ਹਾਂ ਹਮਲਿਆਂ ਦੀ ਰਾਜਨੀਤਕ ਮਹੱਤਤਾ ਹੀ ਨਾ ਬਣ ਸਕੀ।

(ਅ) ਤੁਰਕਾਂ ਪਾਸ ਅਫਗਾਨਿਸਤਾਨ ਤੇ ਈਰਾਨ ਪੱਕੇ ਫੌਜੀ ਆਧਾਰ ਸਨ। ਜ਼ਰੂਰਤ ਪੈਣ ਤੇ ਉਹ ਬਹੁਤ ਆਸਾਨੀ ਨਾਲ ਕੁਮੱਕ ਜਾਂ Reinforcements ਮੰਗਾ ਲੈਂਦੇ ਸਨ, ਜਦੋਂ ਕਿ ਭਾਰਤੀ ਫੌਜ ਦੀ ਗਿਣਤੀ ਵਿਚ ਵਾਧਾ ਹੋ ਹੀ ਨਹੀਂ ਸਕਦਾ ਸੀ ਕਿਉਂਕਿ ਸਤਲੁਜ ਪਾਰ ਜਾ ਕੇ ਲੜਨਾ ਰਾਜਪੂਤਾਂ ਲਈ ਓਪਰਾ ਕਾਰਜ ਸੀ। ਤੁਰਕ ਚਾਅ ਨਾਲ ਲੜਦੇ ਸਨ। ਜਦੋਂ ਕਿ ਰਾਜਪੂਤ ਆਪਸੀ ਯੁੱਧਾਂ ਨੇ ਥਕਾ ਦਿੱਤੇ ਸਨ।

### (2) ਫੌਜੀ ਕਾਰਨ :

ਤੁਰਕਾਂ ਪਾਸ ਵਧੀਆ ਤੇ ਸ਼ਕਤੀਸਾਲੀ ਘੋੜੇ ਸਨ ਕਿਉਂਕਿ ਕੇਂਦਰੀ ਏਸ਼ੀਆ ਅਜਿਹੇ ਘੋੜਿਆਂ ਲਈ ਮਸ਼ਹੂਰ ਸੀ। ਤੁਰਕ ਘੋੜਸਵਾਰ ਫੁਰਤੀਲੇ ਸਨ। ਘੋੜ ਸਵਾਰ ਤੁਰਕ ਸੈਨਾ ਦਾ ਸਭ ਤੋਂ ਵੱਡਾ ਹਿੱਸਾ ਸੀ। ਉਹ ਜਿਤਨੀ ਤੇਜ਼ੀ ਨਾਲ ਅੱਗੇ ਵਧਦੇ ਸਨ, ਵਾਪਸ ਵੀ ਹੋ ਸਕਦੇ ਸਨ। ਭਾਰਤੀ ਫੌਜ ਦੀ ਹਰਕਤ ਬਹੁਤ ਮੱਠੀ ਸੀ। ਇਹ ਹਾਥੀਆਂ ਤੇ ਭਾਰੇ ਇਕੱਠਾਂ ਵਿਚ ਵਿਸ਼ਵਾਸ ਰੱਖਦੀ ਸੀ, ਫੁਰਤੀ ਵਿਚ ਨਹੀਂ। ਤੁਰਕ ਕਿਸੇ ਕਿਲ੍ਹੇ ਨੂੰ ਜਿੱਤ ਅੱਗੇ ਤੁਰ ਜਾਂਦੇ ਸਨ ਜਦੋਂ ਕਿ ਭਾਰਤੀ ਖੁਲ੍ਹੇ ਮੈਦਾਨ ਵਿਚ ਲੜਨ ਦੀ ਤਿਆਰੀ ਵਿਚ ਲੱਗੇ ਰਹਿੰਦੇ।

### (3) ਮਨੋਵਿਗਿਆਨਕ ਕਾਰਨ :

ਤੁਰਕ ਫੌਜ ਤੇ ਭਾਰਤੀ ਫੌਜਾਂ ਦੇ ਸੁਭਾਅ ਤੇ ਸੰਗਠਨ ਵਿਚ ਅੰਤਰ ਸੀ। ਭਾਰਤੀ ਫੌਜੀ ਪ੍ਰਬੰਧ ਦੂਹਰਾ ਸੀ। ਹਰ ਫੌਜ ਦਾ ਵੱਡਾ ਹਿੱਸਾ ਸਾਮੰਤੀ ਬੰਦੇ ਅਤੇ ਘੋੜੇ ਹੁੰਦੇ ਸਨ ਜਿਹੜੇ ਅਕਸਰ ਹੀ ਬਿਨਾਂ ਟ੍ਰੇਨਿੰਗ ਲੜਦੇ ਸਨ। ਉਨ੍ਹਾਂ ਦਾ ਮੁੱਖ ਫੌਜ ਨਾਲ ਤਾਲਮੇਲ ਹੀ ਨਹੀਂ ਬਣਦਾ ਸੀ। ਭਾਰਤੀਆਂ ਵਿਚ ਇਕੱਲੇ ਇਕੱਲੇ ਲੜਨ ਦੀ ਪ੍ਰਵਿਰਤੀ ਸੀ।

## (4) ਰਾਜਨੀਤਕ ਕਾਰਨ :

ਭਾਰਤੀ ਹੁਕਮਰਾਨਾਂ ਨੇ ਨਾ ਤਾਂ ਇਕੱਠੇ ਹੋ ਕੇ ਲੜਨ ਦੀ ਵਿਧੀ ਵਿਕਸਿਤ ਕੀਤੀ ਅਤੇ ਨਾ ਹੀ ਉੱਤਰ-ਪੱਛਮੀ ਸੀਮਾ ਤੇ ਸੀਮਾ ਪ੍ਰਾਂਤਾਂ ਵੱਲ ਧਿਆਨ ਦਿੱਤਾ। ਦਰ੍ਰਿਆਂ ਰਾਹੀਂ ਹਮਲਾਵਰ ਆਉਂਦੇ ਰਹੇ। ਸੁਰੱਖਿਆ ਪ੍ਰਤੀ ਭਾਰਤੀਆਂ ਵਿਚ ਰਾਜਸੀ ਚੇਤਨਾ ਹੀ ਨਹੀਂ ਸੀ। ਇਸਦਾ ਇਕ ਕਾਰਨ ਇਹ ਵੀ ਸੀ ਕਿ ਪੰਜਾਬ ਕਈ ਸਦੀਆਂ ਤੋਂ ਅਫਗਾਨਿਸਤਾਨ ਦੀ ਰਾਜਨੀਤੀ ਵਿਚ ਦਖਲ-ਅੰਦਾਜ਼ੀ ਕਰਦਾ ਰਿਹਾ ਸੀ। ਇਸ ਦੇ ਹਿੰਦੂ-ਸ਼ਾਹੀ ਰਾਜੇ ਕਿਸੇ ਵੇਲੇ ਤੁਰਕਾਂ ਦੇ ਸਾਮੰਤ ਸਨ। ਇਸ ਕਰਕੇ ਪੰਜਾਬ ਦੇ ਅੰਦਰ ਵੀ ਤੁਰਕ ਕੋਈ ਬਾਹਰਲੀ ਸ਼ਕਤੀ ਨਹੀਂ ਸਨ। ਆਮ ਭਾਰਤੀ ਤਾਂ ਸਮਝਦਾ ਸੀ ਕਿ ਤੁਰਕ ਵੀ ਸ਼ੱਕ, ਕੁਸ਼ਾਣ ਅਤੇ ਹੂਣਾਂ ਵਾਂਗ ਹੀ ਇਕ ਹੋਰ ਹਮਲਾਵਰ ਜਮਾਤ ਹੈ ਜਿਹੜੀ ਛੇਤੀ ਹੀ ਪੰਜਾਬ ਜਾਂ ਉੱਤਰੀ ਭਾਰਤ ਵਿਚ ਸਮਾ ਜਾਵੇਗੀ। ਭਾਰਤੀ ਪਾਸਾ ਇਹ ਸਮਝ ਹੀ ਨਹੀਂ ਸਕਿਆ ਕਿ ਤੁਰਕ ਵੱਖਰੀ ਕਿਸਮ ਦੇ ਹਮਲਾਵਰ ਹਨ ਅਤੇ ਕੇਂਦਰੀ ਏਸ਼ੀਆ ਦੀ ਰਾਜਨੀਤੀ ਕਿਤਨੀ ਬਦਲ ਗਈ ਸੀ। ਭਾਰਤੀ ਰਾਜਨੀਤਕ ਸੋਚ ਬਹੁਤ ਪੱਛੜੀ ਸੀ।

## (5) ਸਮਾਜਿਕ ਕਾਰਣ :

ਪੰਜਾਬ ਸਮੇਤ ਭਾਰਤੀ ਸਮਾਜ ਦੀ ਇਕ ਹੋਰ ਵੀ ਵੱਡੀ ਕਮਜ਼ੋਰੀ ਸੀ। ਇਹ ਜਾਤੀ ਅਤੇ ਸਭਿਆਚਾਰਕ ਹੰਕਾਰ ਸੀ, ਜਿਸ ਦਾ ਜ਼ਿਕਰ ਅਲਬਰੂਨੀ ਨੇ ਵਿਸਥਾਰ ਨਾਲ ਕੀਤਾ। ਵਿਚਾਰਾਂ ਤੇ ਗਿਆਨ ਦਾ ਵਟਾਂਦਰਾ ਭਾਰਤੀਆਂ ਦੇ ਵਸ ਵਿਚ ਨਹੀਂ ਸੀ। ਨੀਵੀਂਆਂ ਜਾਤੀਆਂ ਨਾਲ ਉਹ ਉਤਨਾ ਹੀ ਦੁਰਵਿਵਹਾਰ ਕਰਦੇ ਸਨ ਜਿਤਨਾ ਵਿਦੇਸ਼ੀਆਂ ਨਾਲ। ਅਲਬਰੂਨੀ ਲਿਖਦਾ ਹੈ ਕਿ ਭਾਰਤੀ ਹਮੇਸ਼ਾ ਭੰਬਲਭੂਸੇ ਵਿਚ ਰਹਿੰਦੇ ਹਨ - ਉਨ੍ਹਾਂ ਨੂੰ ਮੋਤੀਆ ਤੇ ਪੱਥਰਾਂ ਵਿਚ ਫਰਕ ਨਹੀਂ ਕਰਨਾ ਆਉਂਦਾ। ਇਸ ਹਉਮੈ ਕਾਰਨ ਉਹ ਹਮਲਿਆਂ ਪ੍ਰਤੀ ਅਵੇਸਲੇ ਰਹੇ।

## ਸਾਮੰਤਵਾਦ (Feudalism)

ਸਾਮੰਤਵਾਦ ਰਾਜਪੂਤ ਕਾਲ ਦੀ ਵਿਸ਼ੇਸ਼ਤਾ ਸੀ, ਪਰੰਤੂ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਸਾਮੰਤਵਾਦ ਰਾਜਪੂਤਾਂ ਨਾਲ ਸ਼ੁਰੂ ਹੋਇਆ ਜਾਂ ਉਨ੍ਹਾਂ ਕਰਕੇ ਹੋਇਆ। ਇਹ ਕਹਿਣਾ ਹੋਰ ਵੀ ਗਲਤ ਹੋਵੇਗਾ ਕਿ ਭਾਰਤ ਵਿਚ ਸਾਮੰਤਵਾਦ ਸੀ ਨਹੀਂ। ਤੀਸਰੀ ਅਤਿਕਥਨੀ ਇਹ ਹੋਵੇਗੀ ਭਾਰਤੀ ਸਾਮੰਤਵਾਦ ਅਤੇ ਯੂਰਪੀ ਸਾਮੰਤਵਾਦ ਵਿਚ ਅੰਤਰ ਨਹੀਂ ਸੀ।

## ਸਾਮੰਤਵਾਦ ਕੀ ਸੀ ?

ਸਾਮੰਤ ਪ੍ਰਣਾਲੀ ਦੀ ਮੁਢਲੀ ਵਿਸ਼ੇਸ਼ਤਾ ਸੀ ਕਿ ਬਾਦਸ਼ਾਹ ਜਾਂ ਰਾਜਾ ਲਗਾਨ ਦਾ ਕੁੱਝ ਹਿੱਸਾ ਵੱਖ ਵੱਖ ਮਾਤਰਾ ਵਿਚ ਭੂਮੀ ਦੇ ਰੂਪ ਵਿਚ ਆਪਣੇ ਅਫਸਰਾਂ ਜਾਂ ਰਾਜਨੀਤਕ ਤੌਰ ਤੇ ਚੁਣੇ ਭੂਮੀ ਮਾਲਕਾਂ ਨੂੰ ਦਿੰਦਾ ਸੀ। ਇਹ ਭੂਮੀ ਮਾਲਕ ਉਸ ਦੇ ਮਤਾਹਿਤ ਹੁੰਦੇ ਸਨ ਜਿਨ੍ਹਾਂ ਨੂੰ ਅੰਗਰੇਜ਼ੀ ਵਿਚ ਅਸੀਂ ਵਾਸਿਲ (Vassals) ਆਖਦੇ ਹਾਂ। 7ਵੀਂ ਸਦੀ ਈ. ਪਿੱਛੋਂ ਨਕਦ ਤਨਖਾਹ ਦੀ ਥਾਂ ਭੂਮੀ ਗ੍ਰਾਂਟਾਂ ਦੇਣਾ ਆਮ ਰਿਵਾਜ ਬਣ ਗਿਆ। ਇਸ ਕਾਰਨ ਸਾਮੰਤੀਕਰਨ ਹੋਰ ਤੇਜ ਹੋ ਗਿਆ। ਸਾਮੰਤ ਦਿੱਤੀ ਗਈ ਭੂਮੀ ਤੇ ਖੇਤੀ ਜਾਂ ਜੋਤੀ ਦਾ ਕੰਮ ਨਹੀਂ ਕਰਦਾ ਸੀ, ਇਹ ਕਾਰਜ ਕਿਸਾਨ ਦਾ ਸੀ। ਸਾਮੰਤ ਕਿਸਾਨ ਨਹੀਂ ਸੀ। ਕਿਸਾਨ ਆਮ ਤੌਰ ਤੇ ਸ਼ੂਦਰ ਸੀ, ਜ਼ਮੀਨ ਨਾਲ ਬੱਝਿਆ ਹੋਇਆ ਸੀ ਤੇ ਆਪਣੀ ਫਸਲ ਦਾ ਰਾਜ ਵੱਲੋਂ ਨਿਰਧਾਰਤ ਹਿੱਸਾ ਭੂ-ਪਤੀ ਨੂੰ ਲਗਾਨ ਦੇ ਰੂਪ ਵਿਚ ਦਿੰਦਾ ਸੀ। ਭੂ-ਪਤੀ ਬਾਦਸ਼ਾਹ ਵੱਲੋਂ ਮਿਲੀ ਭੂਮੀ ਕਿਸਾਨਾਂ ਨੂੰ ਖੇਤੀ ਲਈ ਦਿੰਦਾ ਸੀ ਤੇ ਇਸ ਬਦਲੇ ਆਪਣੇ ਵੱਲੋਂ ਨਿਰਧਾਰਤ ਲਗਾਨ ਕਿਸਾਨਾਂ ਤੋਂ ਲੈਂਦਾ ਸੀ। ਲਗਾਨ ਦਾ ਇਕ ਹਿੱਸਾ ਉਹ ਬਾਦਸ਼ਾਹ ਨੂੰ ਜਮ੍ਹਾ ਕਰਵਾਉਂਦਾ ਸੀ। ਆਪਣੇ ਹਿੱਸੇ ਦੇ ਲਗਾਨ ਨਾਲ ਵਾਸਿਲ ਜਾਂ ਭੂ-ਪਤੀ ਬਾਦਸ਼ਾਹ ਪ੍ਰਤੀ ਆਪਣੇ ਸਾਮੰਤੀ ਫ਼ਰਜ ਪੂਰੇ ਕਰਦਾ ਸੀ। ਸਾਮੰਤੀ ਫਰਜਾਂ ਵਿਚ ਦੋ ਪ੍ਰਮੁੱਖ ਸਨ :

(1) ਰਾਜੇ ਪ੍ਰਤੀ ਵਫਾਦਾਰੀ (2) ਰਾਜੇ ਦੀ ਫੌਜੀ ਤੇ ਹਰ ਕਿਸਮ ਦੀ ਸੇਵਾ। ਸਾਮੰਤ ਦੀ ਹਰ

ਵਸਤੂ - ਇਥੋਂ ਤੱਕ ਕਿ ਧੀਆਂ-ਪੁੱਤਰ ਬਾਦਸ਼ਾਹ ਦੀ ਮੰਨੀ ਜਾਂਦੀ ਸੀ। ਉਹ ਬਾਦਸ਼ਾਹ ਦਾ ਸਿੱਕਾ ਮੰਨਦਾ ਸੀ।

ਬਾਦਸ਼ਾਹ ਤੇ ਸਾਮੰਤ ਦਾ ਰਿਸ਼ਤਾ ਬਰਾਬਰੀ ਦਾ ਨਹੀਂ ਸਗੋਂ ਮਤਾਹਿਤੀ (Subordination) ਵਾਲਾ ਸੀ। ਯੁੱਧ ਵਿਚ ਜਿੱਤ ਕੇ ਲਿਆਂਦੇ ਸਾਮੰਤਾਂ ਦੇ ਕੋਈ ਹੱਕ ਨਹੀਂ ਸਨ, ਜਦੋਂ ਕਿ ਵਧੇਰੇ ਸ਼ਕਤੀਸਾਲੀ ਸਾਮੰਤ ਅੱਗੋਂ ਆਪਣੇ ਸਾਮੰਤ ਜਾਂ ਮਤਾਹਿਤ (ਵਾਸਿਲ) ਰੱਖ ਸਕਦੇ ਸਨ। ਗੁਪਤ ਸ਼ਿਲਾਲੇਖ ਅਤੇ ਚਾਲੂਕੀਆ ਸ਼ਿਲਾਲੇਖ ਸਾਮੰਤਾਂ ਦੇ ਸਾਮੰਤਾਂ ਦਾ ਜ਼ਿਕਰ ਕਰਦੇ ਹਨ।

ਸਾਮੰਤਾਂ ਦੇ ਫਰਜ਼ਾਂ ਦੀ ਸੂਚੀ ਹਰ ਦਰਬਾਰ ਦੀ ਆਪਣੀ ਸੀ। ਪਰ ਰਾਜ ਦਰਬਾਰ ਵਿਚ ਹਾਜਰੀ ਤੇ ਉਸ ਦੇ ਜਨਮ ਦਿਨ ਤੇ ਸੌਗਾਤ ਲਾਜ਼ਮੀ ਸੀ। ਸਾਮੰਤਾਂ ਦੀਆਂ ਅਨੇਕਾਂ ਉਪਾਧੀਆਂ ਸਨ ਜਿਵੇਂ ਕਿ ਮਹਾਸਾਮੰਤ ਜਾਂ ਮਹਾਮੰਡਲੇਸ਼ਵਰ। ਛੋਟੇ ਸਾਮੰਤਾਂ ਨੂੰ ਰਾਜਾ, ਸਾਮੰਤ, ਰਾਂਕਾ, ਠਾਕੁਰ ਅਤੇ ਭੋਗਤਾ ਆਖਦੇ ਸਨ। ਇਨ੍ਹਾਂ ਉਪਾਧੀਆਂ ਜਾਂ ਨਾਵਾਂ ਵਿਚੋਂ ਕੁੱਝ ਗੁਪਤ ਕਾਲ ਵਿਚ ਹੀ ਪ੍ਰਚੱਲਿਤ ਹੋ ਗਏ ਸਨ, ਜਿਵੇਂ ਕਿ ਸਾਮੰਤ।

## ਸਾਮੰਤਵਾਦ ਦਾ ਫੌਜੀ ਪੱਖ (Military Aspect of Feudal Relationship) :

ਛੋਟੇ ਛੋਟੇ ਰਾਜਾਂ ਦੇ ਆਪਸੀ ਲੜਾਈਆਂ ਝਗੜਿਆਂ ਕਾਰਨ ਸਾਮੰਤ ਦੇ ਫੌਜੀ ਕਰਤਵ ਹੋਰ ਵੀ ਮਹੱਤਵਪੂਰਨ ਹੋ ਗਏ। ਬਾਦਸ਼ਾਹ ਦੀਆਂ ਫੌਜੀ ਮੰਗਾਂ ਵਧ ਗਈਆਂ। ਕਿਸੇ ਲੜਾਈ ਦੇ ਐਲਾਨ ਸਮੇਂ ਵਾਸਿਲ ਜਾਂ ਸਾਮੰਤ ਲਈ ਲਾਜ਼ਮੀ ਸੀ ਕਿ ਉਹ ਆਪਣੇ ਫੌਜੀ ਦਸਤੇ ਤੇ ਸਮਾਨ ਬਾਦਸ਼ਾਹ ਲਈ ਭੇਜੇ (ਲੈ ਕੇ ਆਵੇ)। ਅਮਨ ਦੇ ਦਿਨਾਂ ਵਿਚ ਸਾਮੰਤੀ ਫੌਜ ਦਾ ਬਾਦਸ਼ਾਹ ਵਲੋਂ ਨਿਰੀਖਣ ਹੁੰਦਾ ਸੀ। ਕਿਲ੍ਹਿਆਂ ਤੇ ਚੌਕੀਆਂ ਨੂੰ ਤਿਆਰ ਰੱਖਣਾ ਸਾਮੰਤ ਦਾ ਫਰਜ ਸੀ।

## ਸਾਮੰਤਵਾਦ ਤੇ ਰਾਜਪੂਤ :

ਸਾਮੰਤਵਾਦ ਦੀਆਂ ਉਪਰੋਕਤ ਵਿਸ਼ੇਸ਼ਤਾਵਾਂ ਰਾਜਪੂਤ ਵੰਸ਼ਾਂ ਨੂੰ ਮੁਆਫਕ ਆਉਣ ਵਾਲੀਆਂ ਸਨ। 1000 ਈ. ਪਿੱਛੋਂ ਫੌਜ ਦੀ ਮੰਗ ਇਤਨੀ ਵਧ ਗਈ ਕਿ ਫੌਜੀ ਪੇਸ਼ਾ ਸਹਿਜੇ ਹੀ ਜ਼ਮੀਨ ਜਾਂ ਲੈਂਡ ਗ੍ਰਾਂਟ ਹਾਸਲ ਕਰਨ ਦਾ ਸਾਧਨ ਬਣ ਗਿਆ। ਸ਼ੁਰੂ ਸ਼ੁਰੂ ਵਿਚ ਭੂਮੀ-ਗ੍ਰਾਂਟਾਂ ਕੇਵਲ ਧਰਮ-ਕਰਮ ਲਈ ਦਿੱਤੀਆਂ ਜਾਂਦੀਆਂ ਹਨ - ਗ੍ਰਾਂਟ ਲੈਣ ਵਾਲੇ ਬ੍ਰਾਹਮਣ ਸਨ ਜਾਂ ਬੋਧੀ ਭਿਕਸ਼ੂ। ਇਨ੍ਹਾਂ ਨੂੰ ਕੋਈ ਕਰ ਜਾਂ ਫੌਜੀ ਸਰਵਿਸ ਨਹੀਂ ਸੀ ਕਰਨੀ ਪੈਂਦੀ।

ਸਿਧਾਂਤਕ ਤੌਰ ਤੇ ਸਾਮੰਤ ਜਾਂ ਗ੍ਰਾਂਟ-ਹੋਲਡਰ ਮੁਜਾਰੇ ਸਨ। ਉਨ੍ਹਾਂ ਨੂੰ ਭੂਮੀ ਲਗਾਨ ਦਿੱਤਾ ਗਿਆ ਸੀ ਨਾ ਕਿ ਭੂਮੀ। ਉਨ੍ਹਾਂ ਦੀ ਇਹ ਨਿਯੁਕਤੀ ਉਨ੍ਹਾਂ ਵੱਲੋਂ ਫਰਜ਼ਾਂ ਦੀ ਕੁਤਾਹੀ ਕਾਰਨ ਖਾਰਜ ਜਾਂ ਰੱਦ ਕੀਤੀ ਜਾ ਸਕਦੀ ਸੀ। ਪਰੰਤੂ ਇਹ ਤਾਂ ਹੀ ਹੋ ਸਕਦਾ ਸੀ ਜੇਕਰ ਬਾਦਸ਼ਾਹ ਸ਼ਕਤੀਸਾਲੀ ਹੋਵੇ। ਜਿਵੇਂ ਜਿਵੇਂ ਰਾਜੇ ਕਮਜ਼ੋਰ ਹੁੰਦੇ ਗਏ ਸਾਮੰਤ ਜ਼ਮੀਨਾਂ ਦੇ ਮਾਲਕ ਬਣ ਗਏ ਤੇ ਗ੍ਰਾਂਟਾਂ ਪੁਸ਼ਤ-ਦਰ-ਪੁਸ਼ਤ ਚਲਦੀਆਂ ਜੱਦੀ ਹੋ ਗਈਆਂ।

## ਸਾਮੰਤਵਾਦ ਅਤੇ ਰਾਜ ਪ੍ਰਬੰਧ :

ਭੂਮੀ ਲਗਾਨ ਇਕੱਠਾ ਕਰਨ ਲਈ ਪਿੰਡਾਂ ਨੂੰ ਅਕਸਰ 10 ਦੀ ਇਕਾਈ ਵਿਚ ਇਕੱਠਾ ਕਰ ਲਿਆ ਜਾਂਦਾ ਸੀ। ਇਸ ਇਕਾਈ ਨੂੰ ਦਸਗ੍ਰਾਮੀਕਾ ਆਖਦੇ ਸਨ। ਪਰਤੀਹਾਰ ਸ਼ਾਸਕ 10 ਪਿੰਡਾਂ ਦੀ ਥਾਂ 84 ਪਿੰਡਾਂ ਨੂੰ ਇਕਾਈ ਮੰਨਦੇ ਸਨ। ਰਾਜਸਥਾਨ ਵਿਚ ਇਹ ਲਗਾਨ ਇਕਾਈਆਂ (Revenue Units) ਅਕਸਰ ਹੀ ਕਿਸੇ ਕਬੀਲੇ ਜਾਂ ਮੁਖੀ ਅਧੀਨ ਹੁੰਦੀਆਂ ਸਨ ਅਤੇ ਇਨ੍ਹਾਂ ਮੁਖੀਆਂ ਜਾਂ ਇਕਾਈਆਂ ਦੇ ਨਾਮ ਵਾਲੇ ਨਵੇਂ ਵੰਸ਼ ਪੈਦਾ ਹੋ ਗਏ। ਕੁੱਝ ਪ੍ਰਦੇਸ਼ਾਂ ਵਿਚ 12 ਪਿੰਡਾਂ ਦੀ ਇਕਾਈ ਵੀ ਸੀ।

## ਸਾਮੰਤਵਾਦੀ ਆਰਥਿਕਤਾ :

ਖੇਤੀ ਉਤਪਾਦਨ ਮੰਡੀ ਲਈ ਨਹੀਂ ਸੀ ਅਤੇ ਕਿਸਾਨ ਉਤਨਾ ਹੀ ਪੈਦਾ ਕਰਦੇ ਸਨ ਜਿਸ ਨਾਲ ਗੁਜ਼ਾਰਾ

ਹੋ ਸਕੇ ਤੇ ਲਗਾਨ ਦਿੱਤਾ ਜਾ ਸਕੇ ਕਿਉਂਕਿ ਬਾਫਰ (Surplus) ਕਿਸਾਨ ਪਾਸ ਨਹੀਂ ਰਹਿੰਦਾ ਸੀ ਸਗੋਂ ਸਾਮੰਤ ਲੈ ਜਾਂਦਾ ਸੀ। ਖੇਤੀ ਵਸਤਾਂ ਦੇ ਵਪਾਰ ਲਈ ਵੈਸੇ ਵੀ ਸਮਾਂ ਢੁਕਵਾਂ ਨਹੀਂ ਸੀ। ਸਿੱਕੇ ਦੀ ਕਮੀ, ਤੋਲ-ਵੱਟਿਆਂ ਦਾ ਪਿਛੜਾਪਣ, ਦੁਰੇਡੇ ਵਪਾਰ ਦਾ ਨਾ ਹੋਣਾ ਆਰਥਿਕਤਾ ਦੀਆਂ ਮੁੱਖ ਕਮੀਆਂ ਸਨ। ਸ਼ਾਸਕ ਅਤੇ ਸਾਮੰਤ ਆਪਣਾ ਵਾਧੂ ਪੈਸਾ ਵਪਾਰ ਜਾਂ ਕਾਰਖਾਨਿਆਂ ਵਿਚ ਨਹੀਂ ਲਾਉਂਦੇ ਸਨ ਸਗੋਂ ਆਲੀਸ਼ਾਨ ਹਵੇਲੀਆਂ ਤੇ ਮਹਿਲ ਜਾਂ ਫਿਰ ਮੰਦਰਾਂ ਅਤੇ ਨਾਚੀਆਂ ਤੇ ਖਰਚ ਕਰ ਦਿੰਦੇ ਸਨ। ਸਜੇ-ਧਜੇ ਤੇ ਅਮੀਰ ਮੰਦਰ ਹਮਲਾਵਰਾਂ ਨੂੰ ਸੱਦਾ ਦਿੰਦੇ ਸਨ।

ਜਿਵੇਂ ਜਿਵੇਂ ਸਾਮੰਤਸ਼ਾਹੀ ਫੈਲਦੀ ਗਈ ਕਿਸਾਨ ਉੱਪਰ ਆਰਥਿਕ ਬੋਝ ਵਧਦਾ ਗਿਆ। ਸ਼ੁਰੂ ਸ਼ੁਰੂ ਵਿਚ ਉਸ ਨੂੰ ਸਿਰਫ ਭੂਮੀ ਲਗਾਨ ਦੇਣਾ ਪੈਂਦਾ ਸੀ ਅਤੇ ਬਾਦਸ਼ਾਹ ਇਸ ਆਮਦਨ ਨੂੰ ਸੜਕਾਂ ਦੇ ਨਿਰਮਾਣ ਆਦਿ ਉੱਪਰ ਵੀ ਖਰਚ ਕਰਦਾ ਸੀ, ਪਰੰਤੂ ਫੌਜੀ ਕਾਰਨਾਂ ਕਰਕੇ ਸਾਮੰਤਾਂ ਦੀ ਗਿਣਤੀ ਕਈ ਗੁਣਾ ਵਧਣ ਨਾਲ ਬਾਦਸ਼ਾਹ ਦੀ ਆਮਦਨ ਵੀ ਘਟ ਗਈ ਅਤੇ ਕਿਸਾਨ ਨੂੰ ਵੀ ਹੋਰ ਤੇ ਨਵੇਂ ਟੈਕਸ (Levy) ਦੇਣੇ ਪਏ - ਇਹ ਲਗਾਨ ਤੋਂ ਵੱਖਰੇ ਸਨ। ਚੌਹਾਨ ਸ਼ਾਸਕਾਂ ਵੱਲੋਂ ਕਿਸਾਨਾਂ ਤੋਂ ਉਗਰਾਹੇ ਜਾਂਦੇ ਟੈਕਸਾਂ ਦੀ ਸੂਚੀ ਲੰਮੀ ਸੀ।

## ਬਾਦਸ਼ਾਹੀ ਭੂਮੀ (Crown Land) :

ਰਾਜ ਦੀ ਸਾਰੀ ਭੂਮੀ ਸਾਮੰਤਾਂ ਅਧੀਨ ਨਹੀਂ ਸੀ ਸਗੋਂ ਇਸ ਦਾ ਇਕ ਵੱਡਾ ਹਿੱਸਾ ਬਾਦਸ਼ਾਹ ਆਪ ਰੱਖਦਾ ਸੀ। ਰਾਜ ਪ੍ਰਾਂਤਾਂ ਅਤੇ ਡਵੀਜ਼ਨਾਂ ਵਿਚ ਵੰਡਿਆ ਹੁੰਦਾ ਸੀ ਤੇ ਬਾਦਸ਼ਾਹੀ ਭੂਮੀ ਕਿਸੇ ਵੀ ਪ੍ਰਾਂਤ ਜਾਂ ਡਵੀਜ਼ਨ (ਭਾਵ ਪਿੰਡਾਂ ਦਾ ਸਮੂਹ) ਵਿਚ ਹੋ ਸਕਦੀ ਸੀ। ਇਸ ਦਾ ਪ੍ਰਬੰਧ ਰਾਜ ਦੇ ਅਧਿਕਾਰੀ ਕਰਦੇ ਸਨ ਅਤੇ ਇਨ੍ਹਾਂ ਅਧਿਕਾਰੀਆਂ ਦੇ ਸਾਮੰਤਾਂ ਨਾਲ ਸੰਬੰਧ ਕਾਨੂੰਨੀ ਤੌਰ ਤੇ ਪਰਿਭਾਸ਼ਤ ਸਨ। ਜ਼ਮੀਂਦਾਰ ਜਾਂ ਭੂਮੀ ਮਾਲਕ ਦੇ ਪਿੰਡ ਅਧਿਕਾਰੀਆਂ ਨਾਲ ਸੰਬੰਧ ਵੱਖ ਵੱਖ ਤਰ੍ਹਾਂ ਦੇ ਸਨ। ਪਿੰਡ ਦੀਆਂ ਸਭਾਵਾਂ ਕਮਜ਼ੋਰ ਹੋ ਗਈਆਂ ਸਨ, ਫਿਰ ਵੀ ਬਾਦਸ਼ਾਹੀ ਪਿੰਡਾਂ ਵਿਚ ਉਹ ਰਾਜ ਪ੍ਰਬੰਧ ਵਿਚ ਸਹਾਇਤਾ ਕਰਦੀਆਂ ਸਨ। ਪਿੰਡ ਦੇ ਮਹੱਤਵਪੂਰਨ ਵਿਅਕਤੀਆਂ ਦੀ ਛੋਟੀ ਕਮੇਟੀ ਜਿਸ ਨੂੰ ਪੰਚਕੁਲ ਆਖਦੇ ਸਨ, ਸਾਂਝੀਆਂ ਥਾਵਾਂ ਤੇ ਸਮੂਹਿਕ ਕੰਮ ਕਰਦੀ ਸੀ। ਇਹ ਹੀ ਸ਼ਾਇਦ ਛੋਟੇ-ਮੋਟੇ ਝਗੜਿਆਂ ਦਾ ਫੈਸਲਾ ਕਰਦੀ ਸੀ।

## ਸਮਾਜ :

ਅਰਿਸਟੋਕਰੇਸੀ ਦਾ ਭਾਵ ਸਾਮੰਤ ਵਰਗ ਸੀ ਜਿਸ ਵਿਚ ਬ੍ਰਾਹਮਣ ਵੀ ਸ਼ਾਮਲ ਸਨ। ਧਾਰਮਿਕ ਰਹੁ-ਰੀਤਾਂ ਕਾਰਨ ਬ੍ਰਾਹਮਣਾਂ ਨੂੰ ਬਾਦਸ਼ਾਹ ਦੀ ਸਰਪ੍ਰਸਤੀ ਪ੍ਰਾਪਤ ਸੀ। ਬਾਦਸ਼ਾਹ ਤੇ ਸਾਮੰਤਾਂ ਦੀ ਖੁਸ਼ਾਮਦ ਵਿਚ ਵੰਸ਼ਾਵਲੀਆ ਲਿਖਣੀਆਂ ਤੇ ਉੱਚੇ ਖਾਨਦਾਨ ਅਤੇ ਇਤਿਹਾਸਕ ਸ਼ਖਸੀਅਤਾਂ ਨਾਲ ਉਨ੍ਹਾਂ ਦੀ ਸਾਂਝ ਦਾ ਪ੍ਰਚਾਰ ਇਨ੍ਹਾਂ ਵੰਸਾਵਲੀਆਂ ਰਾਹੀਂ ਹੀ ਕੀਤਾ ਜਾਂਦਾ ਸੀ।

ਸੈਕੂਲਰ ਸਾਮੰਤ ਆਮ ਤੌਰ ਤੇ ਫੌਜੀ ਪਰਿਵਾਰਾਂ ਚੋਂ ਆਉਂਦੇ ਸਨ। ਰਾਜਪੂਤਾਂ ਵੱਲੋਂ ਆਪਣੇ ਆਪ ਨੂੰ ਕਸ਼ੱਤਰੀ ਸਿੱਧ ਕਰਨ ਦੀ ਕੋਸ਼ਿਸ਼ ਦੇ ਕਾਰਨ ਸਨ। ਇੰਝ ਕਰਕੇ ਉਹ ਆਪਣੀ ਜੰਗੀ ਪ੍ਰਸਿੱਧੀ ਸਥਾਪਿਤ ਕਰਦੇ ਸਨ। ਪ੍ਰਸਿੱਧੀ ਬਰਕਰਾਰ ਰੱਖਣ ਲਈ ਯੁੱਧ ਅਤੇ ਲੁੱਟ ਹੀ ਕਾਫੀ ਨਹੀਂ ਸਨ, ਸਗੋਂ ਰੀਤ ਜਾਂ Etiquette ਵੀ ਜ਼ਰੂਰੀ ਸੀ। ਖੜਗ-ਬੰਦੀ ਵਰਗੀਆਂ ਰਾਜਪੂਤ ਰਸਮਾਂ ਨੇ ਤਲਵਾਰ ਅਤੇ ਹੋਰ ਹਥਿਆਰਾਂ ਨੂੰ ਦੇਹ ਅਤੇ ਸੰਸਕ੍ਰਿਤੀ ਦਾ ਅੰਗ ਹੀ ਬਣਾ ਦਿੱਤਾ। ਯੁੱਧ ਲੜਨਾ ਤੇ ਮੈਦਾਨ ਵਿਚ ਮਰਨਾ ਸੂਰਮਗਤੀ ਦੀ ਸ਼ਾਨਦਾਰ ਮਿਸਾਲ ਸੀ। ਚੰਦੇਲ ਪਿੰਡਾਂ ਵਿਚ ਯੁੱਧ ਦੇ ਸ਼ਹੀਦਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਜ਼ਮੀਨ ਰਾਖਵੀਂ ਸੀ। ਬੱਚਿਆਂ ਨੂੰ ਯੁੱਧ ਲਈ ਤੇ ਫੌਜੀਆਂ ਦੀਆਂ ਵਿਧਵਾ ਔਰਤਾਂ ਨੂੰ ਸਤੀ ਲਈ ਤਿਆਰ ਕੀਤਾ ਜਾਂਦਾ ਸੀ।

ਨੋਬਲ ਬਨਣ ਲਈ ਜ਼ਮੀਨ ਜ਼ਰੂਰੀ ਸੀ। ਇਸ ਤੋਂ ਬਿਨਾਂ ਜਮਾਇਤਦਾਰ ਜਾਂ ਲੀਡਰ ਬਨਣਾ ਸੰਭਵ ਨਹੀਂ ਸੀ। ਜ਼ਮੀਨ ਵਾਂਗ ਹੀ ਜਾਤ ਸਾਮੰਤਾਂ ਨੂੰ ਬਾਕੀ ਸਮਾਜ ਤੋਂ ਵੱਖ ਕਰਦੀ ਸੀ। ਖੁਲ੍ਹੀ ਜ਼ਮੀਨ ਤੇ ਉੱਚੀ ਜਾਤ

ਲਈ ਵੀ ਲੜਾਈ ਸੀ। ਰਾਜਪੂਤ ਭਾਈਚਾਰੇ ਦਾ ਆਧਾਰ ਖ਼ੂਨ ਦਾ ਰਿਸ਼ਤਾ ਸੀ। Kinship ਦੀ ਭਾਵਨਾ ਰਾਜਪੂਤਾਂ ਵਿਚ ਬਾਕੀਆਂ ਤੋਂ ਵੱਧ ਸੀ।

## ਰਾਜਪੂਤਾਂ ਦਾ ਰਾਜਸੀ ਸਭਿਆਚਾਰ :

ਛੋਟੇ ਛੋਟੇ ਰਾਜਪੂਤ ਸਰਦਾਰ ਤੇ ਰਾਜੇ ਵੀ ਵੱਡੀਆਂ ਵੱਡੀਆਂ ਉਪਾਧੀਆਂ ਧਾਰਦੇ ਸਨ। ਅਰਿਸਟੋਕਰੇਸੀ ਭੂਮੀ ਲਗਾਨ ਖਾਂਦੀ ਸੀ। ਰਾਜਸੀ ਤੇ ਆਰਥਿਕ ਸ਼ਕਤੀ ਇਹ ਕਿਸੇ ਨਾਲ ਸਾਂਝੀ ਨਹੀਂ ਕਰਦੀ ਸੀ। ਧਾਰਮਿਕ ਤੇ ਵਪਾਰਕ ਵਰਗ ਫੌਜੀ ਸੱਤਾ ਤੋਂ ਬਾਹਰ ਸਨ। ਬਾਦਸ਼ਾਹ ਦੀ ਮੌਤ ਸਾਮੰਤਾਂ ਲਈ ਚੰਗਾ ਮੌਕਾ ਹੁੰਦਾ ਸੀ ਕਿਉਂਕਿ ਉਨ੍ਹਾਂ ਦੀ ਮਹਾਨਤਾ (ਕਦਰ) ਵਧ ਜਾਂਦੀ ਸੀ। ਇਸ ਕਰਕੇ ਬਾਦਸ਼ਾਹ ਦੇ ਰਾਜ ਕਰਨ ਦੇ ਦੈਵੀ-ਹੱਕ ਦਾ ਅਸੂਲ ਵਾਰ ਵਾਰ ਯਾਦ ਕਰਾਇਆ ਜਾਂਦਾ ਸੀ। ਕਸ਼ੱਤਰੀ ਧਰਮ ਦੀ ਰਾਖੀ ਬਾਦਸ਼ਾਹ ਦਾ ਪ੍ਰਮੁੱਖ ਗੁਣ ਮੰਨਿਆ ਗਿਆ। ਧਰਮ ਦੀ ਰਾਖੀ ਸਾਮੰਤਾਂ ਨੇ ਵੀ ਕਰਨੀ ਤੇ ਕਰਵਾਉਣੀ ਹੁੰਦੀ ਸੀ। ਜਨਤਾ ਜਾਂ ਰਈਅਤ ਦੀ ਰਾਖੀ ਦਾ ਜ਼ੁੰਮਾ ਵੀ ਹੌਲੀ ਹੌਲੀ ਸਾਮੰਤਾਂ ਦੇ ਕਰਤਵਾਂ ਵਿਚ ਸ਼ਾਮਲ ਹੋ ਗਿਆ। ਧਰਮ ਦੀ ਰਾਖੀ ਦਾ ਇਕ ਭਾਵ ਸੀ ਰਾਜੇ/ਸਾਮੰਤ ਵਲੋਂ ਆਪਣੇ ਹਕੂਮਤ ਕਰਨ ਦੇ ਹੱਕ ਦੀ ਰਾਖੀ। ਰਾਖੀ ਰਾਜਨੀਤਕ ਵਿਹਾਰ ਸੀ।

## ਧਾਰਮਿਕ ਜੀਵਨ :

ਰਾਜਪੂਤ ਮੁੱਖ ਰੂਪ ਵਿਚ ਹਿੰਦੂ ਸਨ ਤੇ ਉਹ ਵੱਖ ਦੇਵਤਿਆਂ ਦੀ ਪੂਜਾ ਕਰਦੇ ਸਨ, ਪਰੰਤੂ ਸ਼ਿਵ ਪ੍ਰਮੁੱਖ ਦੇਵਤਾ ਸੀ। ਉਹ ਰਾਮ ਅਤੇ ਕ੍ਰਿਸ਼ਨ ਨੂੰ ਅਵਤਾਰ ਮੰਨ ਕੇ ਪੂਜਦੇ ਸਨ।

ਬ੍ਰਾਹਮਣਾਂ ਨੂੰ ਸ਼ਾਹੀ ਸਰਪ੍ਰਸਤੀ ਹਾਸਲ ਸੀ। ਕੁੱਝ ਮਹੱਤਵਪੂਰਨ ਮੰਦਰਾਂ ਦਾ ਨਿਰਮਾਣ ਹੋਇਆ, ਜਿਸ ਵਿਚ ਕਾਲੀ ਦੇਵੀ ਦੇ ਮੰਦਰ ਵੀ ਸਨ।

ਕਲਾਸੀਕਲ ਲਿਖਤਾਂ ਜਿਵੇਂ ਕਿ ਰਮਾਇਣ ਤੇ ਮਹਾਭਾਰਤ ਹਰਮਨ-ਪਿਆਰੇ ਬਣੇ।

## ਸਾਹਿਤ ਤੇ ਸਿੱਖਿਆ :

ਰਾਜਪੂਤ ਕਾਲ ਵਿਚ ਬਹੁਤ ਘੱਟ ਸ਼ਹਿਰਾਂ ਦਾ ਨਿਰਮਾਣ ਜਾਂ ਵਿਕਾਸ ਹੋਇਆ। ਵਿਉਪਾਰ ਅਤੇ ਤਕਨੀਕੀ ਗਿਆਨ ਪੱਛੜਿਆ ਹੋਣ ਕਰਕੇ ਸਿੱਖਿਆ ਬ੍ਰਾਹਮਣਾਂ ਦਾ ਪੇਸ਼ਾ ਅਤੇ ਮੰਦਰਾਂ ਨਾਲ ਹੀ ਜੁੜੀ ਰਹੀ। ਰਾਜਸਥਾਨ ਵਿਚ ਜੈਨ ਅਤੇ ਪੂਰਬੀ ਭਾਰਤ ਵਿਚ ਬੋਧੀ ਸਿੱਖਿਆ ਵੀ ਚਲਦੀ ਰਹੀ। ਜਾਤੀਆਂ ਦੀ ਟੁੱਟ ਭੱਜ ਕਾਰਨ ਕੁੱਝ ਨਵੀਆਂ ਜਾਂ ਰਲੀਆਂ-ਮਿਲੀਆਂ ਅਤੇ ਮਿਹਨਤੀ ਜਾਤੀਆਂ ਵੀ ਸਾਹਮਣੇ ਆਈਆਂ, ਜਿਵੇਂ ਕਿ ਕੈਸਥ (Kayasth) ਅਤੇ ਖੱਤਰੀ। ਇਸ ਕਾਰਨ ਸੰਸਕ੍ਰਿਤ ਭਾਸ਼ਾ ਦੇ ਨਾਲ ਪ੍ਰਾਦੇਸ਼ਕ ਬੋਲੀਆਂ ਦੀ ਮਹੱਤਤਾ ਵੀ ਵਧੀ।

ਕਵਿਤਾ, ਨਾਟਕ ਅਤੇ ਗਲਪ (Prose) ਦੇ ਖੇਤਰ ਵਿਚ ਅਨੇਕਾਂ ਲੇਖਕ ਤੇ ਰਚਨਾਵਾਂ ਗਿਣੇ ਜਾ ਸਕਦੇ ਹਨ। ਉਦਾਹਰਣ ਵਜੋਂ :

(1) ਗਲਪ ਖੇਤਰ ਵਿਚ ਸੋਮਦੇਵ ਰਚਿਤ ਕੱਥਾਸਾਰਿਤਸਾਗਰ

(2) ਹਿਸਟੋਰੀਕਲ ਰੁਮਾਂਸ ਵੀ ਪ੍ਰਸਿੱਧ ਹੋਏ ਜਿਵੇਂ ਕਿ ਵਿਕਰਮਨ ਕਾ-ਦੇਵ-ਚਰਿੱਤ। ਇਹ ਚਾਲੂਕੀਆ ਰਾਜੇ ਵਿਕਰਮਦਿੱਤਿਆ ਛੇਵੇਂ ਦੀ ਜੀਵਨੀ ਸੀ। ਪ੍ਰਿਥਵੀ ਰਾਜ ਚੌਹਾਨ ਦੀ ਜੀਵਨੀ ਕਵੀ ਚਾਂਦ ਬਰਦਾਈ ਨੇ ਲਿਖੀ। ਇਸ ਦਾ ਨਾਮ *ਪ੍ਰਿਥਵੀਰਾਜਰਾਸੋ* ਸੀ।

(3) ਕਵਿਤਾ ਦੇ ਖੇਤਰ ਵਿਚ ਜੈ-ਦੇਵ ਦੀ *ਗੀਤ ਗੋਵਿੰਦ* ਜਗਤ ਪ੍ਰਸਿੱਧ ਰਚਨਾ ਸੀ।

ਰਾਜਪੂਤ ਸ਼ਾਸਕ ਜਿਵੇਂ ਰਾਜਾ ਭੋਜ, ਰਾਜਾ ਮੁੰਜ ਆਪ ਚੰਗੇ ਵਿਦਵਾਨ ਸਨ।

## ਭਵਨ ਉਸਾਰੀ ਤੇ ਕਲਾ :

ਰਾਜਪੂਤ ਕਲਾ ਦੇ ਸ਼ਾਨਦਾਰ ਨਮੂਨੇ, ਚਿਤੌੜ, ਰਨਥੰਮਭੋਰ, ਸੀਤਲਗੜ੍ਹ, ਚੰਦੇਰੀ ਅਤੇ ਅਸੀਰਗੜ੍ਹ ਵਿਚ

ਵਿਸ਼ਾਲ ਕਿਲ੍ਹਿਆਂ, ਮਹਿਲਾਂ ਤੇ ਸੁੰਦਰ ਝੀਲਾਂ ਦੇ ਰੂਪ ਵਿਚ ਵੇਖੇ ਜਾ ਸਕਦੇ ਹਨ। ਇਸ ਦੀ ਕੁੱਝ ਝਲਕ ਮੰਦਰਾਂ ਵਿਚੋਂ ਵੀ ਮਿਲਦੀ ਹੈ। ਅਬੂ ਪ੍ਰਬਤ ਉੱਪਰ ਸਥਿਤ ਜੈਨ ਮੰਦਰ ਦੇ ਚਿੱਟੇ ਸੰਗੇਮਰਮਰ ਦੇ ਬਣੇ ਹਾਲ ਅਤੇ ਗੋਲ ਗੁੰਬਦ ਵੇਖਣ ਯੋਗ ਹਨ।

**ਸ਼ਬਦਾਵਲੀ ਤੇ ਸੰਕਲਪ :**

(1) ਬੰਗਾਲ ਤੇ ਬਿਹਾਰ ਦੇ ਪਾਲ ਅਤੇ ਸੇਨ (The Palas and Senas of Bengal and Bihar)

(2) ਸ਼ਾਹੀਆਂ ਜਾਂ ਸ਼ਾਹੀ (The Shahiyas of Afghanistan and Punjab)

(3) ਅਗਨੀ-ਕੁੰਡ

(4) ਮਹਾਰਾਜਾਅਧਿਰਾਜ

(5) ਰਹਿਤ-ਮਰਿਯਾਦਾ (Code)

(6) Etiquette (ਐਟੀਕੇਟ)

(7) ਮਤਾਹਿਤ (the Vassals and the Vassalage)

(8) ਸਾਮੰਤਸ਼ਾਹੀ (Feudalism)

(9) ਬਾਦਸ਼ਾਹੀ ਭੂਮੀ (the Crown Lands)

(10) ਦਸਗ੍ਰਾਮੀਕਾ

(11) ਪੰਚਕੁਲ (the Panchkulas)

(12) ਜੌਹਰ-ਪ੍ਰਥਾ (ਕਿਸੇ ਰਾਜਪੂਤ ਸ਼ਾਸਕ ਦੀ ਜਦੋਂ ਕਿਸੇ ਵਿਦੇਸ਼ੀ ਹੱਥੋਂ ਹਾਰ ਨਿਸ਼ਚਤ ਨਜ਼ਰ ਆਉਂਦੀ ਤਾਂ ਉਸ ਦੀਆਂ ਇਸਤਰੀਆਂ ਆਪਣੇ ਸਤੀਤਵ ਦੀ ਰੱਖਿਆ ਕਰਦੀਆਂ ਹੋਈਆਂ ਬਲਦੀ ਹੋਈ ਵਿਸ਼ਾਲ ਚਿਤਾ ਵਿਚ ਬੈਠ ਕੇ ਸੜ ਮਰਦੀਆਂ। ਇਸ ਨੂੰ ਜੌਹਰ ਕਿਹਾ ਜਾਂਦਾ ਸੀ)

**ਛੋਟੇ ਪ੍ਰਸ਼ਨ :**

(1) ਪਰਤੀਹਾਰਾ ਦੇ ਕਿਸ ਸ਼ਾਸਕ ਨੇ ਅਰਬਾਂ ਨੂੰ ਰੋਕਿਆ ਸੀ ?

(2) ਜੈ ਪਾਲ ਕਿਸ ਵੰਸ਼ ਨਾਲ ਸੰਬੰਧਤ ਸੀ ?

(3) ਚੌਹਾਨ ਅਤੇ ਤੋਮਰ ਕਿੱਥੇ ਰਾਜ ਕਰਦੇ ਸਨ ?

(4) ਕਲਚੂਰੀਆ ਦੀ ਰਾਜਧਾਨੀ ਦਾ ਨਾਮ ਦੱਸੋ।

(5) ਰਾਜਪੂਤਾਂ ਦੀ ਹਾਰ ਦੇ ਸਮਾਜਿਕ ਕਾਰਨ ਦੱਸੋ।

(6) ਸਾਮੰਤੀ ਫਰਜ਼ਾਂ ਦੀ ਲਿਸਟ ਬਣਾਓ।

(7) ਪ੍ਰਿਥਵੀਰਾਜਰਾਸੋ ਕਿਸ ਦੀ ਰਚਨਾ ਸੀ ?

(8) ਚਾਰ ਰਾਜਪੂਤ ਕਿਲ੍ਹਿਆਂ ਦੇ ਨਾਮ ਦੱਸੋ।

(9) ਰਾਜਪੂਤਾਂ ਵਿਚ Kinship ਜਾਂ ਖੂਨ-ਆਧਾਰਤ ਰਿਸ਼ਤੇ ਮਜਬੂਤ ਕਿਉਂ ਸਨ ?

(10) ਸਾਮੰਤਾਂ ਨੂੰ ਕਿੰਨਾਂ ਨਾਵਾਂ (Titles) ਨਾਲ ਜਾਣਿਆ ਜਾਂਦਾ ਸੀ ?

**ਲੰਮੇ ਪ੍ਰਸ਼ਨ :**

(1) ਰਾਜਪੂਤ ਕੌਣ ਸਨ ? ਉਨ੍ਹਾਂ ਦੀ ਉਤਪਤੀ ਬਾਰੇ ਨੋਟ ਲਿਖੋ।

(2) ਵੱਖ ਵੱਖ ਰਾਜਪੂਤ ਵੰਸ਼ਾਂ ਤੇ ਸ਼ਾਸਕਾਂ ਦਾ ਸੰਖੇਪ ਵਰਨਣ ਕਰੋ।

(3) ਸਾਮੰਤਵਾਦ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।

(4) ਰਾਜਪੂਤਾਂ ਦੀ ਹਾਰ ਦੇ ਕੀ ਕਾਰਣ ਸਨ ? ਵਿਸਥਾਰ ਨਾਲ ਲਿਖੋ।

(5) ਰਾਜਪੂਤਾਂ ਦੀ ਸਭਿਆਚਾਰ ਅਤੇ ਸਾਹਿਤ ਨੂੰ ਕੀ ਦੇਣ ਸੀ ?

**ਪੁਸਤਕਾਂ :**

Romilla Thapar, Ancient India, Pp. 240-63.

V.A.Smith, The Oxford History of India, Pp. 190-212.

ਅਵਿਨਾਸ਼ ਚੰਦਰ ਅਰੋੜਾ, ਪ੍ਰਾਚੀਨ ਭਾਰਤ ਦਾ ਇਤਿਹਾਸ, (ਪੰਜਾਬੀ), ਪੰਨੇ 342-65